ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ਮਾਸਕ ੧ੴ ਪੱਤਰ

ੴ ਵਾਹਿਗੁਰੂ ਜੀ ਕੀ ਫ਼ਤਹ ॥

# ਸੂਰਾ

ਪਟਿਆਲਾ


## ਹੋਲੀ ਕੀਨੀ ਸੰਤ ਸੇਵ ॥

ਗੁਰੁ ਸੇਵਉ ਕਰਿ ਨਮਸਕਾਰ ॥ ਆਜੁ ਹਮਾਰੈ ਮੰਗਲਚਾਰ ॥
ਆਜ ਹਮਾਰੈ ਮਹਾ ਅਨੰਦ ॥ ਚਿੰਤ ਲਥੀ ਭੇਟੇ ਗੋਬਿੰਦ ॥੧॥
ਆਜੁ ਹਮਾਰੈ ਗ੍ਰਿਹਿ ਬਸੰਤ ॥ ਗੁਨ ਗਾਏ ਪ੍ਰਭ ਤੁਮ੍ ਬੇਅੰਤ ॥੧॥ਰਹਾਉ॥
ਆਜੁ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥
ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥੨॥
ਮਨੁ ਤਨੁ ਮਉਲਿਓ ਅਤਿ ਅਨੂਪ ॥ ਸੂਕੈ ਨਹੀ ਛਾਵ ਧੂਪ ॥
ਸਗਲੀ ਰੂਤੀ ਹਰਿਆ ਹੋਇ ॥ ਸਦ ਬਸੰਤ ਮਿਲੇ ਦੇਵ ॥੩॥
ਬਿਰਖੁ ਜਮਿਓ ਹੈ ਪਾਰਜਾਤ ॥ ਫੂਲ ਲਗੇ ਫਲ ਰਤਨ ਭਾਂਤਿ ॥
ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ ॥ ਜਨ ਨਾਨਕ ਹਰਿ ਹਰਿ ਹਰਿ ਧਿਆਇ॥੪॥੧॥

(ਬਸੰਤੁ ਮਹਲਾ ੫ ਘਰੁ ੧ ਦੁਤੁਕੇ)


ਮਾਰਚ ੧੯੬੯ MARCH 1969



www.AKJ.Org

# {} ਲੇਖ-ਸੂਚੀ {}


| ਨੰ: | ਲੇਖ | ਪੰਨਾ | ਲੇਖਕ |
|---|---|---|---|
| ੧. | ਸੂਰਾ ਦਾ ਸਾਲਾਨਾ ਆਮਦਨ-ਖ਼ਰਚ ਦਾ ਵੇਰਵਾ | ੪,੫ | |
| ੨. | ਸੰਪਾਦਕੀ (ਸੋਹਾਗਣ ਕੌਣ ?) | ੬ | ਸੰਪਾਦਕ |
| ੩. | ਭਲੀ ਕਾਰ ਤੇ ਰਿੱਧੀਆਂ ਸਿੱਧੀਆਂ | ੭ | ਗੁਰਪੁਰਵਾਸੀ ਭਾ: ਸਾ: ਭਾ: ਰਣਧੀਰ ਸਿੰਘ ਜੀ |
| ੪. | ਪਵਿੱਤਰ ਪ੍ਰੇਮ ਦਾ ਗਾਹਕ | ੧੩ | ਸ: ਰਾਜਿੰਦਰ ਸਿੰਘ ਜੀ ਐਮ.ਏ. ਪਿਲਖੁਵਾ |
| ੫. | ਸ੍ਰੀ ਅਖੰਡ ਪਾਠ | ੧੬ | ਪ੍ਰੋ. ਗੁਰਮੁਖ ਸਿੰਘ ਜੀ ਸੰਗਰੂਰ |
| ੬. | ਗੁਰਮਤਿ ਅਤੇ ਵਰਣ ਆਸ਼ਰਮ ਧਰਮ | ੨੦ | ਪ੍ਰੋ. ਹਰਭਜਨ ਸਿੰਘ ਜੀ ਸੰਪਾਦਕ 'ਗੁਰਮਤਿ ਪ੍ਰਕਾਸ਼' ਅੰਮ੍ਰਿਤਸਰ |
| ੭. | ਗਰੀਬ-ਨਿਵਾਜ | ੨੬ | ਸ੍ਰੀ ਗੁਰੂ ਨਾਨਕ ਸਤਿਸੰਗ ਸਭਾ ਸਿੰਘਾਪੁਰ |
| ੮. | ਨਿਸ਼ਾਨ ਸਾਹਿਬ | ੨੯ | ਸ. ਮੇਹਰ ਸਿੰਘ ਜੀ ਡੇਹਰਾਦੂਨ |
| ੯. | ਹੋਲੀ ਤੇ ਹੋਲਾ | ੩੩ | ਭਾਈ ਜਗਤ ਸਿੰਘ ਜੀ 'ਜਗਤ' ਫ਼ਤੋਵਾਲ |
| ੧੦. | ਕੀ ਸ੍ਰੀ ਦਸਮੇਸ਼ ਜੀ ਨੇ ਪੰਜ ਬਕਰੇ ਝਟਕਾਏ ? | ੩੬ | ਇਕ ਇਤਿਹਾਸਕ ਖੋਜੀ ਦੀ ਕਲਮ ਤੋਂ |
| ੧੧. | ਹੁਣ ਕੀ ਬਣੇ ? | ੪੦ | ਭਾਈ ਦੇਵਾ ਸਿੰਘ ਜੀ 'ਕਿਰਤੀ' ਅੰਮ੍ਰਿਤਸਰ |
| ੧੨. | ਨੇਵੀ ਦੇ ਸਿਖ ਮੁਲਾਜ਼ਮਾਂ ਨਾਲ ਵਧੀਕੀਆਂ | ੪੨ | ਸੰਪਾਦਕ |
| ੧੩. | ਟੁੱਟੀ ਗੰਢਣ ਵਾਲਾ ਪ੍ਰੀਤਮ | ੪੩ | ਭਾ: ਮਨਮੋਹਨ ਸਿੰਘ ਜੀ ਬੁਤਾਲਾ |



## + 'ਸੂਰਾ' ਦਾ ਸਾਲਾਨਾ ਚੰਦਾ +

ਦੇਸ 6 ਰੁਪਏ     ਪ੍ਰਦੇਸ 10 ਰੁਪਏ

ਲਾਈਫ਼ ਮੈਂਬਰ 150 ਰੁਪਏ     ਇਕ ਕਾਪੀ 60 ਪੈਸੇ

## ਅਪਰੈਲ 1969 ਤੋਂ ਸਾਲਾਨਾ ਚੰਦੇ ਦਾ ਵੇਰਵਾ

ਦੇਸ 7 ਰੁਪਏ    ਪ੍ਰਦੇਸ 12 ਰੁਪਏ    ਹਵਾਈ ਜਹਾਜ਼ ਰਾਹੀਂ 36 ਰੁਪਏ    ਪ੍ਰਤੀ ਕਾਪੀ 70 ਪੈਸੇ

ਮੈਨੇਜਰ—'ਸੂਰਾ', ਰਾਘੋਮਾਜਰਾ, ਪਟਿਆਲਾ ।


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫਤਹਿ ॥

ਮਾਸਕ ਪੱਤਰ

# ਸੂਰਾ

## ਪਟਿਆਲਾ

### ਗੁਰਮਤਿ ਪ੍ਰਚਾਰਕ ਮਾਸਕ ਪੱਤਰ

'ਸੂਰਾ' ਪਟਿਆਲਾ ਵਿਦਿਆ ਵਿਭਾਗ ਪੰਜਾਬ ਵਲੋਂ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ ਚਿਠੀ ਨੰ: 3/70-68-4-(ਅ. ਪ:) ਮਿਤੀ 17-10-68 ਨੂੰ ਪ੍ਰਵਾਨ ਕੀਤਾ ਗਿਆ ਹੈ।

ਜਿਲਦ ਨੰ: ੪ | ਫਗਨ—ਚੇਤਿ ੫੦੦ ਨਾਨਕ ਸ਼ਾਹੀ | ਅੰਕ ਨੰ: ੨

ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥
ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥
ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥
ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥
ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥
ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥
ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥
ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ ॥
ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥੨॥ (ਬਾ: ਮਾ: ਮਾਝ ਮ: ੫)

ਮੁਖ ਸੰਪਾਦਕ :
ਪਿਆਰਾ ਸਿੰਘ

**ਮਾਰਚ ੧੯੬੯**

ਆਨਰੇਰੀ ਸੰਪਾਦਕ :
ਮਨੋਹਰ ਸਿੰਘ

ਸੂਰਾ ਪ੍ਰਿੰਟਿੰਗ ਪ੍ਰੈਸ, ਰਾਘੋਮਾਜਰਾ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ, ਪਟਿਆਲਾ ਲਈ ਮਨੋਹਰ ਸਿੰਘ ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫ਼ਤਰ "ਸੂਰਾ" ਰਾਘੋਮਾਜਰਾ, ਪਟਿਆਲਾ ਤੋਂ ੫ ਮਾਰਚ ੧੯੬੯ ਨੂੰ ਪ੍ਰਕਾਸ਼ਤ ਕੀਤਾ।

www.AKJ.Org

# ਮਾਸਕ ਪੱਤਰ 'ਸੂਰਾ' ਦੇ

## ਸਾਲਾਨਾ ਆਮਦਨ ਖ਼ਰਚ ਦੇ ਵੇਰਵੇ ਫਰਵਰੀ ੧੯੬੭ ਤੋਂ ਜਨਵਰੀ ੧੯੬੮

| ਮਹੀਨਾ | ਚੰਦੇ ਦੀ ਰਕਮ ਰੁ: ਪੈ: | ਸਹਾਇਤਾ ਰੁ: ਪੈਸੇ | ਇਸ਼ਤਿਹਾਰਾਂ ਦੀ ਆਮਦਨ ਰੁ: ਪੈਸੇ | ਜੋੜ ਆਮਦਨ ਰੁ: ਪੈਸੇ | ਖਰਚ ਰੁ: ਪੈਸੇ |
|---|---|---|---|---|---|
| ਫਰਵਰੀ 1967 | 764-00 | 15-00 | – – | 779-00 | 61-21 |
| ਮਾਰਚ " | 398-00 | – – | – – | 398-00 | 937-49 |
| ਅਪਰੈਲ " | 550-50 | 241-00 | 20- – | 811-50 | 729-39 |
| ਮਈ " | 226-00 | 198-00 | – – | 424-00 | 522-41 |
| ਜੂਨ " | 552-00 | – – | – – | 552-00 | 489-65 |
| ਜੁਲਾਈ " | 262-00 | 249-00 | – – | 511-00 | 491-20 |
| ਅਗਸਤ " | 333-00 | 159-00 | – – | 492-00 | 350-78 |
| ਸਤੰਬਰ " | 657-50 | 14-00 | – – | 671-50 | 428-98 |
| ਅਕਤੂਬਰ " | 590-00 | 1101-00 | 160-00 | 1851-00 | 690-26 |
| ਨਵੰਬਰ " | 301-00 | 26-00 | – – | 327-00 | 541-97 |
| ਦਸੰਬਰ " | 267-00 | 97-00 | – – | 364-00 | 479-51 |
| ਜਨਵਰੀ 1968 | 431-00 | 11-00 | – – | 442-00 | 731-31 |
| | 5332-00 | 2111-00 | 180-00 | 7623-00 | 6454-16 |

ਫਰਵਰੀ 1967 ਤੋਂ ਜਨਵਰੀ 1968 ਤਕ

| | | | |
|---|---|---|---|
| ਆਮਦਨ | 7623-00 | ਪਿਛਲੀ ਰੋਕੜ | 683-43 |
| ਖਰਚ | 6454-16 | ਰੋਕੜ | 1168-84 |
| ਬਚਤ | 1168-84 | | 1852-27 |

## ਫ਼ਰਵਰੀ ੧੯੬੮ ਤੋਂ ਜਨਵਰੀ ੧੯੬੯ ਤਕ

| ਮਹੀਨਾ | ਚੰਦੇ ਦੀ ਰਕਮ ਰੁ: ਪੈਸੇ | ਸਹਾਇਤਾ ਰੁ: ਪੈਸੇ | ਇਸ਼ਤਿਹਾਰਾ ਦੀ ਆਮਦਨ ਰੁ: ਪੈਸੇ | ਜੋੜ ਆਮਦਨ ਰੁ: ਪੈਸੇ | ਖਰਚ ਰੁ: ਪੈਸੇ |
|---|---|---|---|---|---|
| ਫਰਵਰੀ 1968 | 696-00 | 116-00 | – – | 812-00 | 272-45 |
| ਮਾਰਚ " | 783-06 | 720-81 | – – | 1503-87 | 1173-12 |



www.AKJ.Org

| | | | | | |
|---|---|---|---|---|---|
| ਅਪਰੈਲ 1968 | 574-00 | 639-00 | – – | 1213-00 | 345-62 |
| ਮਈ ” | 769-00 | 142-00 | 10-– | 621-00 | 1651-51 |
| ਜੂਨ ” | 253-00 | 275-00 | – – | 528-00 | 778-20 |
| ਜੁਲਾਈ ” | 417-25 | 44-00 | 20-00 | 481-25 | 713-28 |
| ਅਗਸਤ ” | 565-00 | 00-00 | – – | 565-00 | 667-00 |
| ਸਤੰਬਰ ” | 336-50 | 52-00 | – – | 388-50 | 644-15 |
| ਅਕਤੂਬਰ ” | 468-00 | 65-00 | – – | 533-00 | 569-50 |
| ਨਵੰਬਰ ” | 443-00 | 00-00 | 20 – | 463-00 | 682-55 |
| ਦਸੰਬਰ ” | 547-00 | 4-00 | – – | 551-00 | 273-35 |
| ਜਨਵਰੀ 1961 | 271-00 | 32-50 | – – | 303-50 | 1233-30 |
| ਜੋੜ | 5822-81 | 2090-31 | 50-00 | 7963-12 | 9004-03 |

ਪਿਛਲੇ ਸਾਲ ਦਾ ਹਿਸਾਬ

ਕੁਲ ਬਚਤ—1852-27

ਇਸ ਸਾਲ ਦਾ ਘਾਟਾ—1040-91

ਬਾਕੀ— 811-36

ਫਰਵਰੀ 1968 ਤੋਂ ਜਨਵਰੀ 1969 ਤਕ

ਆਮਦਨ 7963-12

ਖਰਚ 9004-03

ਘਾਟਾ 1040-91 ਪਿਛਲਾ ਰੋਕੜ 1852-27

# ਮੇਰਠ ਵਿਖੇ ਪਹਿਲਾ ਅਖੰਡ ਕੀਰਤਨ ਸਮਾਗਮ

3 ਅਪ੍ਰੈਲ ਵੀਰਵਾਰ ਸਵੇਰੇ ਦਾ ਪ੍ਰੋਗਰਾਮ ਗੁਰਦੁਆਰਾ ਸਿੰਘ ਸਭਾ ਥਾਪਰ ਨਗਰ 4-30 ਤੋਂ 1 ਵਜੇ ਤਕ।
3 ਅਪਰੈਲ ਵੀਰਵਾਰ ਸ਼ਾਮ ਨੂੰ ਗੁਰਦੁਆਰਾ ਸਤਸੰਗ ਸਭਾ ਸਦਰ ਮੇਰਠ 7-30 ਤੋਂ 9-30 ਤਕ।
4 ਅਪਰੈਲ ਸ਼ੁਕਰਵਾਰ ਸਵੇਰੇ ਗੁਰਦੁਆਰਾ ਲਾਲ ਕੁੜਤੀ ਮੇਰਠ 4-40 ਤੋਂ 1 ਵਜੇ ਤਕ।
4 ਅਪਰੈਲ ਸ਼ੁਕਰਵਾਰ ਸ਼ਾਮ ਨੂੰ ਗੁਰਦੁਆਰਾ ਸਾਹਿਬ ਸਿਖ ਸੈਂਟਰ ਮੇਰਠ 7-30 ਤੋਂ 9-30 ਤਕ।
5 ਅਪਰੈਲ ਸਨਿਚਰਵਾਰ ਸਵੇਰੇ ਗੁਰਦੁਆਰਾ ਸਤਸੰਗ ਸਭਾ ਸਦਰ ਮੇਰਠ 4-30 ਤੋਂ 1 ਵਜੇ ਤਕ।
5 ਅਪਰੈਲ ਸਨਿਚਰਵਾਰ ਰਾਤ ਨੂੰ 8 ਵਜੇ ਗੁਰਦੁਆਰਾ ਸਾਹਿਬ ਸਿੰਘ ਸਭਾ ਥਾਪਰ ਨਗਰ ਵਿਖੇ ਰੈਣ ਸਬਾਈ ਕੀਰਤਨ ਅਰੰਭ ਹੋਵੇਗਾ, ਜਿਸਦੀ ਸਮਾਪਤੀ 6 ਅਪਰੈਲ ਐਤਵਾਰ 6-30 ਤੇ ਹੋਵੇਗੀ।

ਸੰਗਤਾਂ ਦੀ ਰਿਹਾਇਸ਼ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਸਿੰਘ ਸਭਾ ਥਾਪਰ ਨਗਰ ਵਿਖੇ ਹੋਵੇਗਾ।
ਅੰਮ੍ਰਿਤ ਸੰਚਾਰ 5 ਅਪਰੈਲ ਸਨਿਚਰਵਾਰ 3 ਵਜੇ ਤੋਂ ਅਰੰਭ ਹੋਵੇਗਾ।

ਦਾਸਰੇ —

ਅਖੰਡ ਕੀਰਤਨੀ ਜਥਾ, ਮੇਰਠ।



www.AKJ.Org




# ਸੋਹਾਗਣ ਕੌਣ ?

ਪੰਜਾਬੀ ਸਾਹਿਤ ਵਿਚ ਸੋਹਾਗਣ-ਦੋਹਾਗਣ ਆਮ ਪ੍ਰਚਲਤ ਘਰੋਗੀ ਸ਼ਬਦ ਹਨ। ਹਰ ਇਸਤਰੀ ਦੀ ਇਹ ਤੀਬਰ ਇਛਾ ਹੁੰਦੀ ਹੈ ਕਿ ਉਹ ਮਰਨ ਤਕ ਸੋਹਾਗਣ ਹੀ ਰਹੇ।

ਆਮ ਸੰਸਾਰਕ ਦ੍ਰਿਸ਼ਟੀ ਵਿਚ ਸੋਹਾਗਣ ਉਸ ਇਸਤ੍ਰੀ ਨੂੰ ਸਮਝਿਆ ਜਾਂਦਾ ਹੈ, ਜਿਸ ਦਾ ਪਤੀ ਜੀਊਂਦਾ ਹੋਵੇ ਤੇ ਉਸ ਨੂੰ ਤਨੋਂ ਮਨੋਂ ਪਿਆਰਦਾ ਹੋਵੇ।

ਗੁਰਬਾਣੀ ਵਿਚ ਸੋਹਾਗਣ-ਦੋਹਾਗਣ ਸ਼ਬਦ ਕਈ ਵਾਰੀ ਵਰਤੇ ਗਏ ਹਨ। ਪਰ ਗੁਰਬਾਣੀ ਵਿਚ ਉਸ ਗੁਰਮੁਖ ਜਨ ਨੂੰ ਸੋਹਾਗਣ ਕਿਹਾ ਹੈ ਜੋ ਪ੍ਰਭੂ ਪਿਤਾ ਨੂੰ ਭਾਉਂਦਾ ਹੈ। "ਏਕਾ ਪੁਰਖ ਸਬਾਈ ਨਾਰਿ॥" ਦੇ ਮਹਾਂਵਾਕ ਅਨੁਸਾਰ ਅਕਾਲ ਪੁਰਖ ਸਾਰੀਆਂ ਜੀਵ-ਰੂਪੀ ਇਸਤ੍ਰੀਆਂ ਦਾ ਪਤੀ ਹੈ। ਪਰ ਉਹ ਜੀਵ ਰੂਪੀ ਇਸਤ੍ਰੀਆਂ ਹੀ ਸੋਹਾਗਣ ਅਖਵਾ ਸਕਦੀਆਂ ਹਨ, ਜੋ ਅਕਾਲ ਪੁਰਖ ਪਤੀ ਦੀ ਮਿਹਰ-ਕ੍ਰਿਪਾ ਦੀਆਂ ਪਾਤਰ ਬਣਦੀਆਂ ਹਨ।

ਜਿਵੇਂ ਨਵ-ਵਿਆਹੀ ਸੁੰਦਰੀ ਬਾਹਾਂ ਵਿਚ ਰਤਾ ਚੂੜਾ ਪਾਕੇ, ਗਲ ਤੇ ਕੰਨਾਂ ਵਿਚ ਸੋਹਣੇ ਗਹਿਣੇ ਪਾਕੇ ਅਤੇ ਹੋਰ ਹਾਰ ਸ਼ਿਗਾਰ ਕਰਕੇ ਪਤੀ ਨੂੰ ਰੀਜਊਂਦੀ ਹੈ ਤੇ ਇਨ੍ਹਾਂ ਸੋਹਾਗ ਚਿੰਨ੍ਹਾਂ ਰਾਹੀਂ ਸਾਰੀ ਉਮਰ ਸੋਹਾਗਣ ਬਣੀ ਰਹਿਣਾ ਲੋਚਦੀ ਹੈ, ਤਿਵੇਂ ਹੀ ਗੁਰਮੁਖ ਜੀਵ ਰੂਪੀ ਇਸਤ੍ਰੀ ਸਤਿਗੁਰੂ ਤੋਂ ਅੰਮ੍ਰਿਤ ਨਾਮ ਲੈ ਕੇ ਸੁਆਸ ਸੁਆਸ ਪ੍ਰਭੂ ਪਤੀ ਨੂੰ ਯਾਦ ਕਰਦੀ ਹੈ। ਅੰਦਰਲੀਆਂ ਰਹਿਤਾਂ ਦੇ ਨਾਲ ਨਾਲ ਬਾਹਰਲੀਆਂ ਰਹਿਤਾਂ ਕੇਸਕੀ, ਕੰਘਾ, ਕਿਰਪਾਨ ਕੜਾ ਤੇ ਕਛਹਿਰਾ ਨੂੰ ਵੀ ਸਰੀਰ ਦਾ ਸ਼ਿਗਾਰ ਬਣਾ ਰਖਦੀ ਹੈ। ਸੰਸਾਰਕ ਸੋਹਾਗਣ ਦੇ ਸਿੰਗਾਰ-ਚਿੰਨ ਆਮ ਕਰਕੇ ਥੋੜੇ ਚਿਰ ਹੁੰਦੇ ਹਨ, ਪਰ ਗੁਰਮੁਖ ਸੋਹਾਗਣ ਦੀਆਂ ਰਹਿਤਾਂ ਦੇ ਸ਼ਿਗਾਰ ਸਦੀਵੀ ਤੇ ਸੁਖਦਾਈ ਹੁੰਦੇ ਹਨ। ਧੰਨ ਹੈ ਕਲਗੀਧਰ ਪਿਤਾ, ਜਿਸ ਨੇ ਅਕਾਲ ਪੁਰਖ ਪਤੀ ਤੋਂ ਇਹ ਸੋਹਾਗ-ਚਿੰਨ ਲਿਆ ਕੇ ਸਾਨੂੰ ਕਲਜੁਗੀ ਜੀਵ-ਰੂਪੀ ਇਸਤ੍ਰੀਆਂ ਨੂੰ ਸਦਾ-ਸੋਹਾਗਣ ਬਣਾਇਆ ਹੈ।

ਮੇਰੀ ਗੁਰਮੁਖ ਸਖੀਓ ! ਆਓ ! ਸੁਆਸ ਸੁਆਸ ਪਿਆਰੇ ਨੂੰ ਚਿਤਾਰ ਕੇ, ਅੰਦਰੋਂ ਬਾਹਰੋਂ ਉਸ ਦੇ ਬਣ ਕੇ ਉਸ ਦੀ ਝੋਲੀ ਵਿਚ ਪਈਏ ਤੇ ਸਦਾ ਸੋਹਾਗਣ ਬਣੀਏ।

## ਅਖੰਡ ਪਾਠ ਸਮਾਗਮ

21, 22 ਤੇ 23 ਮਾਰਚ 1969 ਨੂੰ ਦਾਸ ਦੇ ਗ੍ਰਿਹਿ ਵਿਖੇ ਅਖੰਡ ਪਾਠ ਸਮਾਗਮ ਹੋ ਰਿਹਾ ਹੈ ਸੰਗਤਾਂ ਦਰਸ਼ਨ ਬਖਸ਼ਨ ਦੀ ਖੇਚਲਾ ਕਰਨ।

ਨੋਟ:—ਪਿੰਡ ਦਿਆਲ ਪੁਰਾ ਸਮਰਾਲੇ ਤੋਂ 2 ਮੀਲ ਚੰਡੀਜੜ ਦੇ ਪਾਸੇ ਹੈ

ਦਾਸ ਮਾ: ਉਜਾਗਰ ਸਿੰਘ ਪਿੰਡ ਦਿਆਲ ਪੁਰਾ ਤਸੀਲ ਸਮਰਾਲਾ ਨੇੜੇ ਮਾਲਵਾ ਕਾਲਜ ਬੌਂਦਲੀ



www.AKJ.Org

# ਭਲੀ ਕਾਰ ਤੇ ਰਿੱਧੀਆਂ ਸਿੱਧੀਆਂ

(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

'ਅਸੰਖ ਜਪ ਅਸੰਖ ਭਾਉ ॥ ਅਸੰਖ ਪੂਜਾ ਅਸੰਖ ਤਪਤਾਉ ॥ ਅਸੰਖ ਗਰੰਥ ਮੁਖਿ ਵੇਦ ਪਾਠ ॥ ਅਸੰਖ ਜੋਗ ਮਨਿ ਰਹਹਿ ਉਦਾਸ ॥ ਅਸੰਖ ਭਗਤ ਗੁਣ ਗਿਆਨ ਵੀਚਾਰ ॥ ਅਸੰਖ ਸਤੀ ਅਸੰਖ ਦਾਤਾਰ ॥ ਅਸੰਖ ਸੂਰ ਮੁਹ ਭਖ ਸਾਰ ॥ ਅਸੰਖ ਮੋਨਿ ਲਿਵ ਲਾਇ ਤਾਰ ॥ ਕੁਦਰਤਿ ਕਵਣ ਕਹਾ ਵੀਚਾਰ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥

ਗੁਰਮਤਿ ਤੋਂ ਓਰੇ ਅਤੇ ਕੋਰੇ ਕਾਦਰ ਅਕਾਲ ਪੁਰਖ ਦੀ ਕੁਦਰਤ ਕਾਇਨਾਤ ਵਿਖੇ ਅਸੰਖਾਂ ਹੀ ਅਣਗਿਣਤ ਪਰਕਾਰ ਦੇ ਅਤੇ ਅਸੰਖ ਪ੍ਰਕਾਰ ਦੀਆਂ ਭਾਵਨਾਂ ਵਾਲੇ ਜਪ ਜਾਪ ਹਨ। ਅਤੇ ਅਸੰਖ ਮਤਿਆਂ ਦੇ ਤਪ ਤਾਉ ਅਤੇ ਪੂਜਾ ਪੁਸਾਉ ਹਨ, ਅਸੰਖ ਪਰਕਾਰ ਦੇ ਮੁਖ ਵੇਦ ਪਾਠ ਪੁਸਤਕਾਂ ਹਨ, ਇਨ੍ਹਾਂ ਪੁਸਤਕਾਂ ਨੂੰ ਮਨਮਤੀ ਪੁਰਸ਼ ਗਰੰਥ ਨਾਉਂ ਦੇ ਕੇ ਦਿਲ ਪਰਚਾਉਂਦੇ ਹਨ। ਪਰੰਤੂ ਸਚੇ ਗੁਰੂ ਗਰੰਥ ਬਾਝੋਂ ਹੋਰ ਕੋਈ ਵੀ ਪੁਸਤਕ ਅਤੇ ਪ੍ਰਸਿਧ ਪਾਠ ਵਾਲੇ ਅਨਮਤੀਆਂ ਦੇ ਵੇਦ ਸਚੇ ਗਰੰਥ ਦੇ ਪਦ ਨਾਲ ਪ੍ਰਤਿਸ਼ਟਿਆਉਣ ਦੇ ਲਾਇਕ ਤੇ ਅਧਕਾਰੀ ਨਹੀਂ। ਮਨ ਮਤਿ ਕਲਪਤ ਅਸੰਖਾਂ ਹੀ ਜੋਗ ਮਤਿ ਸੰਸਾਰ ਉਤੇ ਰੁਲਦੇ ਫਿਰਦੇ ਹਨ। ਅਜਿਹੇ ਮਤਾਂ ਦੇ ਅਸੰਖਾਂ ਜੋਗੀ ਆਪਣੇ ਮਨ ਹਠ ਦੁਆਰਾ ਉਦਾਸੀਨਤਾ ਧਾਰਨ ਦਾ ਯਤਨ ਕਰਦੇ ਹਨ ਅਸੰਖਾਂ ਹੀ ਆਪੋਂ ਬਣੇ ਭਗਤ ਕਹਾਉਂਦੇ ਹਨ। ਮਨੋ ਮਨੀ ਦੇ ਗੁਣ ਗਿਆਨ ਵਿਚਾਰਦੇ ਹਨ ਅਸੰਖਾਂ ਹੀ ਸਤੀ ਦਾਨੀ ਦਾਤਾਰ ਕਹਿਲਾਉਂਦੇ ਹਨ, ਅਣਗਿਣਤ ਹੀ ਬਹਾਦਰਾਂ ਦ ਸਮੂਹਕ ਹਨ, ਜੋ ਸਨਮੁਖ ਹੋ ਕੇ ਤਲਵਾਰਾਂ ਦੀਆਂ ਚੋਟਾਂ ਸਹਿੰਦੇ ਅਤੇ ਖਾਂਦੇ ਹਨ, ਪਿਠ ਨਹੀਂ ਦਿੰਦ। ਸਿਰੀ ਦਸਮੇਸ਼ ਜੀ ਨੇ ਆਪਣੇ ਮੁਖ ਦਵਾਰਾ ਅਜਿਹੇ ਜਗਤ ਪ੍ਰਸਿਧ ਬਹਾਦਰਾਂ ਪ੍ਰਤੀ 'ਸਾਰ ਕੀ ਧਾਰ ਭਛਯਾ' ਘਟਨਾ ਘਟਾਈ ਹੈ ਅਸੰਖ ਹੀ ਮੋਨਧਾਰੀ ਮਨ ਮਤੀ ਮੋਨੀ ਜਨ ਹਨ, ਉਹ ਮਨੋ ਮਨੀ ਲਿਵਤਾਰ ਲਾਈ ਰਖਣ ਦੇ ਧਾਰਨੀ ਹਨ, ਕਰਤਾਰ ਦੀ ਕੁਦਰਤ ਵਿਚ ਅਜਿਹੇ ਅਨੇਕਾਂ ਤੇ ਅਸੰਖਾਂ ਹੀ ਭੇਖ ਹਨ, ਜਿਨ੍ਹਾਂ ਦੀ ਗਿਣਤੀ ਨਹੀਂ ਗਿਣੀ ਜਾ ਸਕਦੀ। ਹੇ ਨਿਰੰਕਾਰ ! ਕੇਵਲ ਤੂੰ ਹੀ ਸਦਾ ਸਦਾ ਸਲਾਮਤ ਰਹਿਣ ਵਾਲਾ ਹੈਂ, ਅਤੇ ਜੋ ਤੈਨੂੰ ਭਾਉਂਦੀ ਹੈ ਸੋਈ ਭਲੀਕਾਰ ਹੈ, ਇਹ ਨਿਰੰਕਾਰ ਨੂੰ ਭਾਉਂਦੀ ਸਿਫ਼ਤ ਸਲਾਹ ਰੂਪੀ ਭਲੀਕਾਰ ਕੇਵਲ ਗੁਰੂ ਨਾਨਕ ਸਾਹਿਬ ਦੇ ਘਰ ਵਿਚ ਹੀ ਵਰੋਸਾਈ ਹੈ ਅਤੇ ਅਸੰਖਾਂ ਹੀ ਬਚਿਤਰ ਲੀਲਾਵਾਂ ਹਨ, ਜਿਨ੍ਹਾਂ ਦਾ ਅਲਪਗ ਬੁਧੀ ਵਾਲਿਆਂ ਨੂੰ ਇਕ ਨਿਮਖ ਮਾਤਰ ਵੀ ਥਹੁ ਨਹੀਂ ਲਗਦਾ:-

'ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥
ਮਤ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥

(ਸਿਰੀ ਰਾਗ ਮਹਲਾ ੧)

ਸਧਾਰਣ ਭਾਵ—ਜੇ ਕਰ ਮੈਂ ਕਰਾਮਾਤਾਂ ਕਰਨ ਵਾਲਾ ਪ੍ਰਸਿਧ ਸਿਧ ਭੀ ਹੋ ਜਾਵਾਂ ਤੇ ਸਿਧੀਆਂ ਕਰਾਮਾਤਾਂ ਲਈ



www.AKJ.Org

ਜਾਣ ਦਾ ਠਰਕ ਵੀ ਹੋ ਜਾਵੇ ਜੈਸਾ ਕਿ ਬਜਾਰੀ ਲੋਕਾਂ ਨੂੰ ਹੁੰਦਾ ਹੈ ਅਤੇ ਰਿਧੀਆਂ ਵੀ ਸਭ ਮੇਰੇ ਵਸਿਗਤਿ ਹੋ ਜਾਣ ਜਦੋਂ ਚਾਹਾਂ ਇਹ ਤਾਕਤਾਂ ਵਰਤ ਸਕਾਂ ਅਤੇ ਏਸ ਗੋਹਝ ਸ਼ਕਤੀ ਦਾ ਮਾਲਕ ਵੀ ਹੋ ਜਾਵਾਂ ਕਿ ਜਦੋਂ ਚਾਹਵਾਂ ਨਜ਼ਰੋਂ ਓਹਲੇ ਗੁਪਤ ਹੋਇ ਬੈਠਾਂ ਤੇ ਜਦੋਂ ਚਾਹਵਾਂ ਪ੍ਰਗਟ ਜ਼ਾਹਰ ਹੋ ਬੈਠਾਂ, ਜਿਨ੍ਹਾਂ ਸ਼ਕਤੀਆਂ ਨੂੰ ਵੇਖ ਕੇ ਸਾਰੀ ਆਨਮਤਿ ਲੁਕਾਈ ਮੇਰੇ ਉਤੇ ਸਰਧਾ ਭਾਵਨੀ ਰਖਣ ਵਾਲੀ ਹੋ ਜਾਵੇ। ਇਹ ਸਭ ਤਾਕਤਾਂ ਸ਼ਕਤੀਆਂ ਰਿਧੀਆਂ ਸਿਧੀਆਂ ਫ਼ਜ਼ੂਲ ਹਨ, ਗੁਰਮਤਿ ਅਨੁਕੂਲ ਹਰਗਿਜ਼ ਨਹੀਂ ਬਲਕਿ ਗੁਰਮਤਿ ਪ੍ਰਤਿਕੂਲ ਜ਼ਾਹਰਦਾਰੀਆਂ ਹੀ ਹਨ, ਜਿਨ੍ਹਾਂ ਵਿਚ ਪੈ ਕੇ ਪ੍ਰਾਨੀ ਗੁਰਮਤਿ ਸਚੇ ਪ੍ਰਮਾਰਥੀ ਮਾਰਗ ਨੂੰ ਵਿਸਾਰ ਬੈਠਦਾ ਹੈ ਅਤੇ ਗੁਰਮਤਿ ਨਾਮ ਵਲੋਂ ਉਕਾ ਹੀ ਗੁਮਰਾਹ ਹੋ ਜਾਂਦਾ ਹੈ। ਤਾਂ ਤੇ ਗੁਰਮਤਿ ਅਨੁਸਾਰ ਸਚੇ ਪਰਮਾਰਥ ਅਤੇ ਪ੍ਰਮਾਰਥੀ ਨਾਮ ਨੂੰ ਭੁਲਾਵਣ ਹਾਰੀਆਂ ਸਾਰੀਆਂ ਸ਼ਕਤੀਆਂ ਰਿਧੀਆਂ ਸਿਧੀਆਂ ਆਦਿਕ ਵਿਚ ਪੈਣਾ ਗੁਰਮਤਿ ਤੋਂ ਉਖੜ ਖੜੋਣਾ ਹੈ, ਅਤੇ ਨਿਰੀ ਮਨਮਤਿ ਵਿਚ ਹੀ ਆਪਣਾ ਆਪ ਬਿਗੋਣਾ ਹੈ ਗੁਰਮਤਿ ਮਾਰਗ ਦੇ ਸਚੇ ਪੰਧਾਊ ਇਨ੍ਹਾਂ ਨਾਟਕਾਂ ਚੇਟਕਾਂ ਵਿਚ ਪੈਂਦੇ ਹੀ ਨਹੀਂ, ਇਨ੍ਹਾਂ ਵਿਚ ਪੈਣਾਂ ਮਹਾਂ ਮਨਮਤਿ ਘਾਟੇ ਦਾ ਸੌਦਾ ਸਮਝਦੇ ਹਨ। ਅਨਮਤਿ ਮਾਰਗੀ ਮਨਮਤੀਏ ਪੁਰਸ਼ ਇਨ੍ਹਾਂ ਰਿਧਿ ਸਿਧਿ ਮਈ ਤਾਕਤਾਂ ਨੂੰ ਐਸੀ ਪ੍ਰਸਿਧਤਾ ਦੇਂਦੇ ਹਨ ਕਿ ਇਸੇ ਨੂੰ ਪਰਮ ਪਦਵੀ ਵਾਲਾ ਧਰਮ ਸਮਝ ਬੈਠਦੇ ਹਨ, ਜੋ ਉਨ੍ਹਾਂ ਦੀ ਨਿਰੀ ਮੂੜ੍ਹ ਅਗਿਆਨਤਾ ਹੈ ਗੁਰਮਤਿ ਅੰਦਰ ਇਨ੍ਹਾਂ ਰਿਧੀਆਂ ਸਿਧੀਆਂ ਨਿਧੀਆਂ ਦਾ ਉਕਾ ਹੀ ਵਿਧਾਨ ਨਹੀਂ। ਜੋ ਅਭਾਗਾ ਜਨ ਇਹਨਾਂ ਵਿਚ ਪੈ ਗਿਆ, ਬਸ ਫਿਰ ਏਥੇ ਹੀ ਉਲਝ ਗਿਆ, ਜਿਸ ਦਾ ਸੁਲਝਨਾ ਸੋਰਨਾ ਫਿਰ ਮਹਾਂ ਕਠਿਨ ਹੋ ਜਾਂਦਾ ਹੈ, ਗੁਰਬਾਣੀ ਅੰਦਰ ਅਨੇਕਾਂ ਹੀ ਐਸੇ ਪਰਮਾਣ ਆਉਂਦੇ ਹਨ, ਜਿਸ ਅਨੁਸਾਰ ਇਹ ਸਭੇ ਬਿਵਰਜਤ ਹੀ ਸ਼ਕਤੀਆਂ ਹਨ। ਯਥਾ:-

'ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥'

ਤਥਾ:– 'ਸਿਧ ਸਾਧਿਕ ਕੇਤੇ ਮੁਨਿ ਦੇਵਾ ॥
ਹਠਿ ਨਿਗ੍ਰਹਿ ਨ ਤ੍ਰਿਪਤਾਵਹਿ ਭੇਵਾ ॥'

ਤਥਾ:– 'ਸਿਧ ਸਾਧਿਕ ਜੇ ਕੋ ਕਹੈ ਕਹਾਏ ॥
ਭਰਮੇ ਭੂਲਾ ਆਵੈ ਜਾਏ ॥

ਤਥਾ:– 'ਸਿਧ ਸਾਧਿਕ ਤਰਸਹਿ ਸਭਿ ਲੋਇ ॥
ਪੂਰੇ ਭਾਗਿ ਪਰਾਪਤਿ ਹੋਇ ॥ ੩ ॥

ਤਥਾ:– ਸਿਧ ਸਾਧਿਕ ਮੋਨਿਧਾਰੀ ਰਹੇ ਲਿਵ ਲਾਇ
ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ ॥੭॥

ਤਥਾ:– 'ਸਿਧਾ ਸੇਵਨਿ ਸਿਧ ਪੀਰ ਮਾਗਹਿ ਰਿਧਿ ਸਿਧਿ ॥
ਮੈ ਇਕੁ ਨਾਮੁ ਨ ਵੀਸਰੈ ਸਾਚੇ ਗੁਰ ਬੁਧਿ ॥'

ਤਥਾ:– ਸਿਧੁ ਕਹਾਵਉ ਰਿਧਿ ਸਿਧਿ ਬੁਲਾਵਉ ॥
ਤਾਜ ਕੁਲਹ ਸਿਰਿ ਛਤ੍ਰੁ ਬਨਾਵਉ ॥
ਬਿਨੁ ਜਗਦੀਸ ਕਹਾ ਸਚੁ ਪਾਵਉ ॥

ਤਥਾ ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ ॥
" ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ ॥੨॥

ਇਤਿ ਆਦਿਕ ਅਨੇਕਾਂ ਹੀ ਗੁਰਪ੍ਰਮਾਣ ਹਨ, ਜਿਨ੍ਹਾਂ ਦੇ ਭਾਵ ਅਨੁਸਾਰ ਰਿਧੀਆਂ ਸਿਧੀਆਂ, ਅਰ ਨਿਧੀਆਂ ਵਿਚ ਪੈਣਾਂ ਮਹਾਂ ਮਨਮਤਿ ਹੈ।

## ਆਨਮਤਾਂ ਦੀਆਂ ਪੁਸਤਕਾਂ

ਪੰਡਿਤ ਵਾਚਹਿ ਪੋਥੀਆ ਨ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥
ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ ॥
ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ ॥
ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ ॥

ਬੇਦ ਵੇਤਾ ਕਹਾਉਣ ਵਾਲੇ ਪੰਡਿਤ ਵੇਦ ਸਿਮ੍ਰਿਤ ਸਾਸਤ੍ਰ ਮਈ ਪੋਥੀਆਂ ਨੂੰ ਕਥਿ ਕਥਿ ਵਾਚਦੇ ਹਨ, ਪ੍ਰੰਤੂ ਓਹ ਤੱਤ ਵੀਚਾਰ (ਗੁਰਮਤਿ ਨਾਮ) ਨੂੰ ਨਹੀਂ ਬੁਝ ਸਕਦੇ। ਹੋਰਨਾਂ ਨੂੰ ਕੁੜਾਵੀਆਂ ਮਤਾਂ (ਜੋ ਜੋ ਪੋਥੀਆਂ ਵਿਚ ਦਰਜ ਹਨ) ਦੇ ਦੇ ਕੇ ਵਖਤ ਟਪਾਉਂਦੇ ਹਨ ਅਤੇ ਮਾਇਆ ਦਾ ਝੂਠਾ ਵਾਪਾਰ ਹੀ ਵਿਹਾਝਦੇ ਹਨ ਅਤੇ ਲੋਕਾਂ ਨੂੰ ਝੂਠ ਵਾਪਾਰ ਵਿਚ ਲਾ ਲਾ ਕੇ ਔਝੜ ਪਾਉਂਦੇ



www.AKJ.Org

ਹਨ। ਓਹਨਾਂ ਦੀ ਝੂਠੀ ਕਥਨੀ ਕਰ ਕੇ ਜੱਗ ਭਉਂਦਾ ਫਿਰਦਾ ਹੈ (ਬਉਰਾਨਾ ਹੋਇਆ ਵਿਆ) ਅਸਲ ਕਮਾਈ ਤੱਤ ਸ਼ਬਦ ਰੂਪੀ ਜੋ ਰਹਿਣੀ ਹੈ, ਜਿਸ ਦੇ ਉਪਰ ਕਿ ਜਗਿਆਸੂ ਨੂੰ ਚਲਣਾ ਚਾਹੀਦਾ ਹੈ, ਉਸ ਦੀ ਓਹ ਸਾਰ ਸ਼ਬਦ ਗੁਰ ਦੀਖਿਆ ਹੀ ਹੈ। ਤਿਸ ਦੀ ਉਹਨਾਂ ਨੂੰ ਸੂਝ ਬੂਝ ਹੀ ਨਹੀਂ ਪੈ ਸਕਦੀ। ਸੂਝ ਬੂਝ ਤਾਂ ਪਵੇ ਜੇ ਤਿਨ੍ਹਾਂ ਦੇ ਵਾਚਣ ਜੋਗ ਪੋਥੀਆਂ ਵਿਚ ਇਸ ਅਸਲੀ ਸੂਝ ਬੂਝ ਦਾ ਕੁਛ ਥਹੁ ਬਤਾ ਦਸਿਆ ਹੋਇਆ ਹੋਵੇ।

ਬੇਦ ਦੇ ਬਕਤਾ ਵੇਦਾਂ ਦੇ ਮਾਸਟਰ (ਪੰਡਿਤ) ਜੋਤਸ਼ੀ ਹੋਇ ਗੁਜ਼ਰੇ ਹਨ ਅਤੇ ਹੋਇ ਗੁਜ਼ਰਨਗੇ ਜੋ ਵੇਦਾਂ ਦੇ ਫੋਕੇ ਵੀਚਾਰ ਵਿਚਿ ਹੀ ਫਸ ਕੇ ਹਾਰਦੇ ਹੰਭਦੇ ਰਹਿਣਗੇ। ਓਹ ਵਿਰੋਧ ਤੇ ਝਗੜਿਆਂ ਦੀਆਂ ਬਾਦ ਕਹਾਣੀਆਂ ਨੂੰ ਹੀ ਮੁਖ ਰਖਿ ਰਖਿ ਫੋਕੀ ਫ਼ਕੜਬਾਜ਼ੀ ਵਿਚਿ ਪੈਂਦੇ ਹਨ ਕਿਉਂ ਜੋ ਵੇਦਾਂ ਵਿਚਿ ਕੇਵਲ ਲਿਖੀ ਹੋਈ ਫੋਕੀ ਫੱਕੜਬਾਜ਼ੀ ਹੈ ਤਾਂਤੇ ਓਹ ਬਾਦ ਬਿਬਾਦ ਦੀਆਂ ਕਹਾਣੀਆਂ ਪਾ ਪਾ ਕੇ ਖਪ ਖਪ ਮਰ ਜਾਂਦੇ ਹਨ ਅਤੇ ਲਖ ਚੌਰਾਸੀ ਜੂਨ ਦੇ ਗੇੜ ਵਿਚ ਹੀ ਪਏ ਖਰਦੇ ਖਪਦੇ ਰਹਿੰਦੇ ਹਨ। ਐਸੇ ਹੀ ਫੋਕਟ ਕਰਮਾਂ ਏਹਨਾਂ ਆਨਮਤਿ ਪੋਥੀਆਂ ਨੇ ਆਨਮਤੀਆਂ ਨੂੰ ਦ੍ਰਿੜਾਇ ਹਨ ਜਿਨ੍ਹਾਂ ਫੋਕਟ ਕਰਮਾਂ ਦੀ ਫਾਸ ਵਿਚੋਂ ਓਹਨਾਂ ਦੀ ਬੰਦ ਖਲਾਸ ਹੁੰਦੀ ਹੀ ਨਹੀਂ ਏਹ ਫੋਕਟ ਕਰਮਾਂ ਮਈ ਫਾਸੀ ਬੰਦ ਖਲਾਸ ਸਚੇ ਗੁਰੂ ਗੁਰ ਨਾਨਕ ਸਾਹਿਬ ਤੋਂ ਬਿਨਾਂ ਹੁੰਦੀ ਹੀ ਨਹੀਂ, ਨਾਂ ਹੀ ਕਰਮਾਂ ਦਾ ਗੇੜ ਅਤੇ ਕਰਮਾਂ ਦੇ ਗੇੜ ਕਰਕੇ ਚਉਰਾਸੀ ਜੂਨ ਵਿਚ ਭਰਮਨ ਦਾ ਗੇੜ ਛੁਟਦਾ ਹੈ ਨ ਕਦੇ ਛੁਟੇਗਾ। ਏਹਨਾਂ ਆਨਮਤੀ ਪੁਸਤਕਾਂ ਵਿਚਿ ਆਨਮਤ ਫ਼ੋਕਟ ਕਰਮਾਂ ਦੀ ਹੀ ਭਰਮਾਰ ਭਰੀ ਪਈ ਹੈ ਜੋ ਵੇਦ ਬੇਤਾ ਪੰਡਿਤ ਐਵੇਂ ਕਥਨ ਮਾਤਰ ਹੀ ਕਹਿ ਕਹਿ ਕੇ ਸੁਣ ਸੁਣ ਕੇ ਆਖ ਆਖ ਕੇ ਤੁਰ ਜਾਂਦੇ ਹਨ।

# ਆਨਮਤੀ ਕਰਮ ਤੇ ਤੀਰਥੁ

ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥
ਪੁੰਨ ਦਾਨ ਚੰਗਿਆਈਆ ਬਿਨ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥
ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥
੧ ॥ ਰਹਾਉ ॥......੮ ॥ ੬ ॥

ਏਸ ਗੁਰਵਾਕ ਦੁਆਰਾ ਗੁਰੂ ਸਾਹਿਬ ਇਹ ਦ੍ਰਿੜਾਉਂਦੇ ਹਨ ਕਿ ਜਪੁ ਤਪੁ ਸੰਜਮ ਆਦਿਕ ਆਨਮਤੀ ਕਰਮ ਭਾਵੇਂ ਕਿਤਨੇ ਹੀ ਸੋਧੇ ਕਮਾਏ ਜਾਣ ਤੇ ਆਨਮਤੀ ਤੀਰਥਾਂ ਉਤੇ ਭਾਵੇਂ ਕਿਤਨਾਂ ਹੀ ਢੇਰ ਚਿਰੇ (ਸਾਰੀ ਉਮਰ ਹੀ ਵਾਸਾ ਕੀਤਾ ਜਾਵੇ) ਕਿਸੇ ਭੀ ਲੇਖੇ ਨਹੀਂ ਹੈ। ਆਨਮਤਾਂ ਦੀਆਂ ਦਸੀਆਂ ਹੋਈਆਂ ਪੁੰਨ ਦਾਨ ਚੰਗਿਆਈਆਂ ਭਾਵੇਂ ਕਿਤਨੀਆਂ ਹੀ ਕੀਤੀਆਂ ਜਾਣ ਲੋਕਾਂ ਚਾਰਕ ਚੰਗਿਆਈਆਂ ਹੀ ਹਨ। ਗੁਰਮਤਿ ਅਨੁਸਾਰ ਏਹਨਾਂ ਆਨਮਤਿ ਲੋਕਾ ਚਾਰਕ ਵੇਦਾ ਚਾਰਕ ਕੰਮਾਂ ਦਾ ਕੱਖ ਭੀ ਸੁਬੇਹਤਾ ਨਹੀਂ। ਬਿਨਾਂ ਸਚੇ ਵਾਹਿਗੁਰੂ ਅਤੇ ਵਾਹਿਗੁਰੂ ਸਚੇ ਨਾਮ ਤੋਂ ਏਹ ਬਾਦ ਬੇਕਾਰੀ ਕਰਮ ਹੀ ਹਨ। ਆਨਮਤ ਅਨੁਸਾਰ ਜਿਤਨੇ ਭੀ ਪਾਖੰਡ ਕਰਮ ਹਨ ਉਹਨਾਂ ਦਾ ਨਾਉਂ ਐਵੇਂ ਹੀ ਜਪ ਤਪ ਸੰਜਮ ਆਦਿਕ ਕਰਮ ਆਨਮਤੀਆਂ ਨੇ ਅਪਣੇ ਦਿਲ ਪਰਚਾਵੇ ਲਈ ਰਖ ਲਇਆ ਹੋਇਆ ਹੈ। ਵਾਸਤਵ ਵਿਚ ਤਿਨਾਂ ਪਾਖੰਡ ਕਰਮਾਂ ਅੰਦਰਿ ਸਚੇ ਜਪ ਤਪ ਸਚ ਸੰਜਮ ਦੀ ਬੂ ਮਾਤਰ ਭੀ ਨਹੀਂ। ਗੁਰਬਾਣੀ ਅੰਦਰ ਜਿਥੇ ਭੀ ਜਪੁ ਤਪ ਆਦ ਦਾ ਖੰਡਣ ਕੀਤਾ ਹੈ, ਓਹ ਸਭ ਆਨਮਤ ਜਪ ਤਪ ਕਰਮ ਦਾ ਹੀ ਹੈ। ਗੁਰਮਤਿ ਅਨੁਸਾਰ ਕੀਤਾ ਹੋਇਆ ਜਪੁ ਤਪੁ ਕਰਮ ਕੇਵਲ ਨਾਮ ਦੀ ਸਾਧਨਾਂ ਨਾਮ ਅਭਿਆਸ ਕਮਾਈ ਹੀ ਹੈ ਜੋ ਸਦਾ ਸਰੇਸ਼ਟ ਅਤੇ ਸਾਰ ਕਰਮ ਹੀ ਗੁਰਮਤਿ ਅੰਦਰ ਗਰਦਾਨਿਆਂ ਜਾਂਦਾ ਹੈ। ਏਸੇ ਪਰਕਾਰ ਆਨਮਤ ਦੇ ਤੀਰਥਾਂ ਉਤੇ ਵਾਸਾ ਕਰਨਾ ਭੀ ਨਿਰਾ ਨਿਰਾਰਥਕ ਕਰਮ



www.AKJ.Org

ਹੀ ਹੈ ਕਿਉਂਕਿ ਆਨਮਤ ਤੀਰਥਾਂ ਉਤੇ ਕੇਵਲ ਪਾਖੰਡ ਕਿਰਿਆ ਦਾ ਵਿਥਾਰ ਹੀ ਵਿਥਾਰਿਆ ਹੋਇਆ ਹੁੰਦਾ ਹੈ ਸਚੇ ਅੰਮ੍ਰਿਤ ਰੂਪੀ ਨਾਮ ਦੇ ਸੰਚਾਰ ਦਾ ਤਿਨ੍ਹਾਂ ਆਨਮਤੀ ਤੀਰਥ ਅਸਥਾਨਾਂ ਉਤੇ ਰੰਚਿਕ ਮਾਤਰ ਭੀ ਮੁਸ਼ਕ ਨਹੀਂ ਹੁੰਦਾ।

ਤੀਰਥਿ ਨਾਵਣੁ ਜਾਉ ਤੀਰਥੁ ਨਾਮੁ ਹੈ ॥
ਤੀਰਥੁ ਸਬਦੁ ਵੀਚਾਰੁ ਅੰਤਰਿ ਗਿਆਨੁ ਹੈ ॥

ਗੁਰਵਾਕ ਦੇ ਭਾਵ ਅਨੁਸਾਰ ਗੁਰਮਤਿ ਨਾਮ ਰੂਪੀ ਵਰਤਾਰਾ, ਸੰਚਾਰਾ, ਜਿਥੇ ਵਰਤਦਾ ਹੈ ਉਹੀ ਸਚਾ ਅੰਮ੍ਰਿਤ ਮਈ ਤੀਰਥੁ ਹੈ। ਗੁਰਮਤਿ ਨਾਮ ਅੰਮ੍ਰਿਤ ਸਰੂਪ ਹੈ। ਤਾਂਹੀ ਤੇ ਅੰਮ੍ਰਿਤ ਬਾਣੀ ਅਤੇ ਅੰਮ੍ਰਿਤ ਨਾਮ ਦੇ ਸੰਚਨ ਦੀ ਬੁਹਾਰ ਸ਼ਗੁਫ਼ਤਾਰ ਹੋਣ ਕਰਕੇ ਸ੍ਰੀ ਅੰਮ੍ਰਿਤ ਸਰੋਵਰ ਸੱਚਾ ਅੰਮ੍ਰਿਤਸਰ ਤੀਰਥ ਭਾਵ ਅੰਮ੍ਰਿਤ ਮਈ ਤੀਰਥ ਹੈ। ਤਾਂ ਤੇ ਆਨਮਤੀ ਤੀਰਥਾਂ ਨਾਲੋਂ ਇਸ ਗੁਰਮਤਿ ਤੀਰਥ ਦੀ ਮਹਾਨ ਵਿਲਖਣਤਾ ਹੈ। ਗੁਰਮਤਿ ਤੀਰਥ ਅੰਮ੍ਰਿਤ ਸਰੋਵਰ ਵਿਚਿ ਇਸ਼ਨਾਨ ਕਰਨਾ ਪੂਰਨ ਤਤ ਗੁਰਮਤਿ ਅਨੁਸਾਰ ਹੈ। ਜਿਥੇ ਜਿਥੇ ਭੀ ਆਨਮਤੀ ਤੀਰਥਾਂ ਦਾ ਖੰਡਨ ਹੈ ਤਿਥੇ ਤਿਥੇ ਤਿਨ੍ਹਾਂ ਪਰਥਾਇ ਹੋਨ ਲਿਖੇ ਗੁਰਵਾਕ ਪੂਰਨ ਤੋਰ ਤੇ ਵਿਦਮਾਨ ਹਨ:—

ਤੀਰਥ ਵਰਤ ਸੁਚਿ ਸੰਜਮੁ ਨਾਹੀ ਕਰਮੁ ਧਰਮੁ ਨਹੀ ਪੂਜਾ ॥ ਨਾਨਕ ਭਾਇ ਭਗਤਿ ਨਿਸਤਾਰਾ ਦੁਬਿਧਾ ਵਿਆਪੈ ਦੂਜਾ ॥ ਤੀਰਥ ਵਰਤ ਲਖ ਸੰਜਮਾਂ ਪਾਈਐ ਸਾਧੂ ਧੂਰਿ ॥ ਤੀਰਥ ਤਪੁ ਦਇਆ ਦਤੁ ਦਾਨ ॥ ਜੇ ਕੋ ਪਾਵੈ ਤਿਲ ਕਾ ਮਾਨ ॥ ਤੀਰਥ ਨਾਤਾ ਕਿਆ ਕਰੈ ਮਨ ਮਹਿ ਮੈਲੁ ਗੁਮਾਨੁ ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ॥ ਤੀਰਥਿ ਨਾਵਹਿ ਅਰਚਾ ਪੂਜਾ ਅਗਰਵਾਸੁ ਬਹਕਾਰੁ ॥ ਜੋਗੀ ਸੁਨਿ ਧਿਆਵਨਿ ਜੇਤੇ ਅਲਖ ਨਾਮੁ ਕਰਤਾਰੁ ॥ ਤੀਰਥ ਦੇਖਿ ਨ ਜਲ ਮਹਿ ਪੈਸਉ ਜੀਅ ਜੰਤ ਨ ਸਤਾਵਉਗੋ ॥ ਅਠਸਠਿ ਤੀਰਥ ਗੁਰੂ ਦਿਖਾਏ ਘਟ ਹੀ ਭੀਤਰਿ ਨਾਉਗੋ ॥ ਤੀਰਥ ਨਾਇ ਨ ਉਤਰਸਿ ਮੈਲੁ ॥ ਕਰਮ ਧਰਮ ਸਭਿ ਹਉਮੈ ਫੈਲੁ ॥ ਲੋਕ ਪਚਾਰੈ ਗਤਿ ਨਹੀ ਹੋਇ ॥ ਨਾਮ ਬਿਹੂਣੇ ਚਲਸਹਿ ਰੋਇ ॥ ਤੀਰਥ ਬਰਤ ਨੇਮ ਸੁਚਿ ਸੰਜਮ ਰਵਿ ਸਸਿ ਗਹਨੈ ਦੇਉ ਰੇ ॥ ਸੁਰਤਿ ਪਿਆਸ ਸੁਧਾਰਸਿ ਅੰਮ੍ਰਿਤ ਏਹ ਮਹਾ ਰਸ ਪੇਉਰੇ ॥ ਤੀਰਥ ਭਰਮਸਿ ਬਿਆਧਿ ਨ ਜਾਵੈ ॥ ਨਾਮ ਬਿਨਾ ਕੈਸੇ ਸੁਖੁ ਪਾਵੈ ॥ ਤੀਰਥ ਵਰਤ ਨੇਮ ਕਰਹਿ ਉਦਿਆਨਾ ॥ ਜਤੁ ਸਤੁ ਸੰਜਮ ਕਥਹਿ ਗਿਆਨਾ ॥ ਰਾਮ ਨਾਮ ਬਿਨੁ ਕਿਉ ਸੁਖੁ ਪਈਐ ਬਿਨੁ ਸਤਿਗੁਰ ਭਰਮੁ ਨ ਜਾਇਆ ॥ ਤੀਰਥਿ ਭਰਮੈ ਰੋਗੁ ਨ ਛੂਟਸਿ ਪੜਿਆ ਬਾਦ ਬਿਬਾਦੁ ਭਇਆ ਦੁਬਿਧਾ ਰੋਗੁ ਸੁ ਅਧਿਕ ਵਡੇਰਾ ਮਾਇਆ ਕਾ ਮੁਹਤਾਜੁ ਭਇਆ ॥ ਗੁਰਮੁਖਿ ਸਾਚਾ ਸਬਦਿ ਸਲਾਹੈ ਮਨਿ ਸਾਚਾ ਤਿਸੁ ਰੋਗੁ ਗਇਆ ॥ ਜਿਸੁ ਜੀਉ ਅੰਤਰੁ ਮੈਲਾ ਹੋਇ ॥ ਤੀਰਥ ਭਵੈ ਦਿਸੰਤਰ ਲੋਇ ॥ ਨਾਨਕ ਮਿਲੀਐ ਸਤਿਗੁਰ ਸੰਗ ॥ ਤਉ ਭਵਜਲ ਕੇ ਤੂਟਸਿ ਬੰਧ ॥

## ਗੁਰਮਤਿ ਤੀਰਥ

ਗੁਰਮਤਿ ਤੀਰਥ ਜੋ ਗੁਰਮਤਿ ਅਨੁਸਾਰ ਪਰਮਾਣੀਕ ਹਨ ਓਹਨਾਂ ਪ੍ਰਥਾਇ ਪਰੋੜਤਾ ਪੂਰਬਕ ਹੇਠ ਲਿਖੇ ਗੁਰ ਪ੍ਰਮਾਣ ਦਿਤੇ ਜਾਂਦੇ ਹਨ ਯਥਾ:—

ਸੋਰਠਿ ਮਹਲਾ ੫ ਘਰ ੩ ਦੁਪਦੇ

ੴ ਸਤਿਗੁਰ ਪ੍ਰਸਾਦਿ ॥ ਰਾਮਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ ॥ ਨਿਰਮਲ ਹੋਏ ਕਰਿ ਇਸਨਾਨਾ ॥ ਗੁਰਿ ਪੂਰੈ ਕੀਨੇ ਦਾਨਾ ॥੧॥ ਸਭਿ ਕੁਸਲ ਖੇਮ ਪ੍ਰਭਿ ਧਾਰੇ ॥ ਸਹੀ ਸਲਾਮਤਿ ਸਭਿ ਥੋਕ ਉਬਾਰੇ ॥ ਗੁਰ ਕਾ ਸਬਦੁ ਵੀਚਾਰੇ ॥ ੧॥ ਰਹਾਉ ॥ ਸਾਧਸੰਗਿ ਮਲੁ ਲਾਥੀ ॥ ਪਾਰਬ੍ਰਹਮੁ ਭਇਓ ਸਾਥੀ ॥ ਨਾਨਕ ਨਾਮੁ ਧਿਆਇਆ ॥ ਆਦਿ ਪੁਰਖ ਪ੍ਰਭੁ ਪਾਇਆ ॥ ੨ ॥ ੧ ॥ ੬੫ ॥

ਸੋਰਠ ਮਹਲਾ ੫ ॥

ਵਿਚਿ ਕਰਤਾ ਪੁਰਖੁ ਖਲੋਆ ॥ ਵਾਲੁ ਨ ਵਿੰਗਾ ਹੋਆ ॥ ਮਜਨੁ ਗੁਰ ਆਂਦਾ ਰਾਸੇ ॥ ਜਪਿ ਹਰਿ ਹਰਿ ਕਿਲਵਿਖ ਨਾਸੇ ॥ ੧ ॥ ਸੰਤਹੁ ਰਾਮਦਾਸ ਸਰੋਵਰੁ ਨੀਕਾ ॥ ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ ॥ ੧॥ ਰਹਾਉ ॥ ਜੈ ਜੈ ਕਾਰੁ ਜਗੁ ਗਾਵੈ ਮਨ ਚਿੰਦਿਅੜੇ ਫਲ ਪਾਵੈ ॥ ਸਹੀ ਸਲਾਮਤਿ ਨਾਇ ਆਏ ॥ ਅਪਣਾ ਪ੍ਰਭੂ ਧਿਆਏ ॥ ੨ ॥ ਸੰਤ ਸਰੋਵਰ ਨਾਵੈ ॥ ਸੋ ਜਨੁ ਪਰਮਗਤਿ ਪਾਵੈ ॥ ਮਰੈ ਨ ਆਵੈ ਜਾਈ ॥ ਹਰਿ ਹਰਿ ਨਾਮੁ ਧਿਆਈ ॥ ੩ ॥ ਇਹੁ ਬ੍ਰਹਮ ਬਿਚਾਰੁ ਸੁ ਜਾਨੈ ॥ ਜਿਸੁ ਦਇਆਲੁ ਹੋਇ ਭਗਵਾਨੈ ॥ ਬਾਬਾ ਨਾਨਕ ਪ੍ਰਭ ਸਰਣਾਈ ॥ ਸਭ ਚਿੰਤਾ ਗਣਤ ਮਿਟਾਈ ॥੪॥੭॥੫੭॥



www.AKJ.Org

ਸੋਰਠ ਮਹਲਾ ੫ ॥

ਗੁਰ ਪੂਰੇ ਕੀਤੀ ਪੂਰੀ ॥ ਪ੍ਰਭੁ ਰਵਿ ਰਹਿਆ ਭਰਪੂਰੀ॥ ਖੇਮ ਕੁਸਲ ਭਇਆ ਇਸਨਾਨਾ ॥ ਪਾਰਬ੍ਰਹਮ ਵਿਟਹੁ ਕੁਰਬਾਨਾ ॥ ੧ ॥ ਗੁਰ ਕੇ ਚਰਨ ਕਵਲ ਰਿਦਧਾਰੇ॥ ਬਿਘਨੁ ਨ ਲਾਗੈ ਤਿਲਕਾ ਕੋਈ ਕਾਰਜ ਸਗਲ ਸਵਾਰੇ ॥੧॥ ਰਹਾਉ ॥ ਮਿਲਿ ਸਾਧੂ ਦੁਰਮਤਿ ਖੋਏ ॥ ਪਤਿਤ ਪੁਨੀਤ ਸਭ ਹੋਏ ਰਾਮਦਾਸਿ ਸਰੋਵਰ ਨਾਤੇ ॥ ਸਭ ਲਾਥੇ ਪਾਪ ਕਮਾਤੇ ॥ ੨ ॥ ਗੁਨ ਗੋਬਿੰਦ ਨਿਤ ਗਾਈਐ ਸਾਧ ਸੰਗ ਮਿਲਿ ਧਿਆਈਐ ॥ ਮਨ ਬਾਂਛਤ ਫਲ ਪਾਏ ਗੁਰ ਪੂਰਾ ਹਿਦੈ ਧਿਆਏ ॥ ੩ ॥ ਗੁਰ ਗੋਪਾਲ ਆਨੰਦਾ ॥ ਜਪਿ ਜੀਵੈ ਪਰਮਾਨੰਦਾ ॥ ਜਨ ਨਾਨਕ ਨਾਮ ਧਿਆਇਆ ॥ ਪ੍ਰਭ ਅਪਨਾ ਬਿਰਦੁ ਰਖਾਇਆ ।੪।੧੦।੬੦।

ਸੂਹੀ ਮਹਲਾ ੫

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥ ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥ ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥ ਜੈ ਜੈਕਾਰ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥ ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥ ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥੧॥......ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥ ਬਧੋਹੁ ਪੁਰਖਿ ਬਿਧਾਤੇ ਤਾਂ ਤੂ ਸੋਹਿਆ ॥ ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ ॥ ਹਰਿ ਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ ॥ ੧੦॥

**ਏਹ ਉਪਰਲੇ ਗੁਰਵਾਕ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਅੰਮ੍ਰਿਤ ਸਰੋਵਰ ਸਬੰਧੀ ਹਨ। ਪਰ ਹੋਰ ਦਸਾਂ ਪਾਤਸ਼ਾਹੀਆਂ ਦੇ ਨਾਮ ਨਾਲ ਸਬੰਧਤ ਜਿਤਨੇ ਗੁਰਦੁਆਰੇ ਤੇ ਉਨਾਂ ਦੇ ਨਾਲ ਲਗਦੇ ਸਰੋਵਰ ਤੇ ਬਾਉਲੀਆਂ ਆਦਿ ਜਲ ਤੀਰਥ ਹਨ ਤੇ ਜਿਤਨੇ ਸਰੋਵਰ ਤੋਂ ਬਿਨਾਂ ਗੁਰ ਅਸਥਾਨ ਥਲ ਤੀਰਥ ਹਨ ਏਹ ਸਭ ਗੁਰੂ ਕੀ ਨਦਰ ਮਿਹਰ ਨਾਲ ਤੇ ਨਾਮ ਦੀ ਦਾਤ ਨਾਲ ਵਰੋਸਾਏ ਹੋਣ ਕਰਕੇ ਕਲਿਆਣਕਾਰੀ ਹਨ, ਏਨ੍ਹਾਂ ਦਾ ਦਰਸ਼ਨ ਇਸ਼ਨਾਨ ਸਭ ਸਫ਼ਲ ਹੈ। ਇਸ ਪ੍ਰਥਾਇ ਗੁਰਵਾਕ ਹੈ:—**

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮਰਾਜੇ। ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ। ਗੁਰਸਿਖਾ ਕੀ ਘਾਲਿ ਥਾਇ ਪਈ ਜਿਨ ਹਰਿਨਾਮੁ ਧਿਆਵਾ ॥ ਜਿਨ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥

ਸਾ ਧਰਤਿ ਭਈ ਹਰਿਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥ ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥

ਗਉੜੀ ਮਹਲਾ ੫ ॥ ਨਿਤ ਪ੍ਰਤਿ ਨਾਵਣੁ ਰਾਮਸਰਿ ਕੀਜੈ ॥ ਝੋਲਿ ਮਹਾ ਰਸੁ ਹਰਿ ਅੰਮ੍ਰਿਤੁ ਪੀਜੈ । ੧ । ਰਹਾਉ॥ ਨਿਰਮਲ ਉਦਕੁ ਗੋਬਿੰਦ ਕਾ ਨਾਮ ॥ ਮਜਨੁ ਕਰਤ ਪੂਰਨ ਸਭਿ ਕਾਮ ॥ ਸੰਤ ਸੰਗਿ ਤਹ ਗੋਸਟਿ ਹੋਇ ॥ ਕੋਟਿ ਜਨਮ ਕਿਲ ਵਿਖ ਖੋਇ । ੨ । ਸਿਮਰਹਿ ਸਾਧ ਕਰਹਿ ਆਨੰਦੁ ॥ ਮਨਿਤਨਿ ਰਵਿਆ ਪਰਮਾਨੰਦੁ । ੩ । ਜਿਸਹਿ ਪਰਾਪਤਿ ਹਰਿ ਚਰਣ ਨਿਧਾਨ ॥ ਨਾਨਕ ਦਾਸ ਤਿਸਹਿ ਕੁਰਬਾਨ ॥ ।੪।੯੫। ੧੬੪।

# ਬੇਦਾਂ ਦਾ ਬੀਚਾਰ

ਬੇਦੁ ਪੁਕਾਰੇ ਵਾਚੀਐ ਬਾਣੀ ਬ੍ਰਹਮ ਬਿਆਸੁ ।
ਮੁਨਿ ਜਨ ਸੇਵਕ ਸਾਧਿਕਾ ਨਾਮਿ ਰਤੇ ਗੁਣਤਾਸੁ ।
ਸਚਿ ਰਤੇ ਸੇ ਜਿਣਿ ਗਏ ਹਉ ਸਦ ਬਲਿਹਾਰੇ ਜਾਸੁ ।

**ਬ੍ਰਹਮਾ ਦੀ ਪੁਕਾਰੀ ਹੋਈ ਬੇਦਬਾਣੀ ਬਿਆਸੁ ਬੀਚਾਰਦਾ ਹੈ ਪਰ ਉਸ ਦੇ ਪਲੇ ਕੁਛ ਨਹੀਂ ਪੈਂਦਾ, ਬੇਦ ਪੁਕਾਰਨਹਾਰੇ ਬ੍ਰਹਮਾ ਪਲੇ ਭੀ ਕੁਛ ਨਹੀਂ ਪਿਆ। ਸਚੇ ਮੁਨੀ ਜਨ ਸਿਖ ਸੇਵਕ ਸਚੇ ਸਾਧਿਕ ਆਦ ਉਹ ਹਨ ਜੋ ਗੁਣਤਾਸ ਵਾਹਿਗੁਰੂ ਦੇ ਨਾਮ ਰੰਗਾਂ ਵਿਚਿ ਰੰਗੇ ਹੋਏ ਹਨ, ਤੇ ਏਹ ਬੇਦ ਪੁਕਾਰਨ ਹਾਰੇ ਬ੍ਰਹਮਾਂ ਦੇ ਬੇਦ ਵਾਚਣਹਾਰੇ ਬਿਆਸ ਨਾਲੋਂ ਚੰਗੇ ਹਨ, ਜੇਹੜੇ ਮੁਨ ਜਨ ਸੇਵਕ ਸਾਧਿਕ ਆਦ ਬੇਦ ਪੁਕਾਰਨ ਤੇ ਵਾਚਣ ਦੇ ਤਰਲੇ ਲੈਂਦੇ ਹਨ ਓਹਨਾਂ ਆਨਮਤੀ ਮੁਨਜਨ ਸੇਵਕ ਸਾਧਿਕਾਂ ਨਾਲੋਂ ਗੁਰਮਤਿ ਨਾਮ ਰੰਗੇ ਨਾਮ ਅਭਿਆਸੀ ਸਿਖ**



www.AKJ.Org

ਸੇਵਕ ਸਾਧਿਕ ਬਹੁਤ ਚੰਗੇ ਰਹੇ ਹਨ ਤੇ ਸਚੇ ਮੁਨੀ ਜਨ ਕਹਾਉਣ ਦੇ ਓਹੀ ਅਧਿਕਾਰੀ ਹਨ। ਸਚੇ ਨਾਮ ਦੇ ਰੰਗਾਂ ਵਿਚਿ ਜੋ ਰਤੇ ਗਏ ਓਹੀ ਇਸ ਸੰਸਾਰ ਸਾਗਰ ਤੇ ਤਰਨ ਵਾਲੀ ਬਾਜ਼ੀ ਜਿੱਤ ਗਏ। ਐਸੇ ਸਾਰਬਾਜ਼ੀ ਜਿਤਣ ਹਾਰਿਆਂ ਗੁਰੂ ਆਗਿਆਕਾਰ ਗੁਰਸਿਖਾਂ ਉਪਰ ਗੁਰੂ ਨਾਨਕ ਸਾਹਿਬ ਵਾਰਨੇ ਜਾਂਦੇ ਹਨ। ਕੈਸੀ ਤਰਸਜੋਗ ਹਾਲਤ ਹੈ ਤਿਨਾਂ ਮੁਨਜਨਾਂ ਸਿਧ ਸਾਧਿਕਾਂ ਦੀ ਜੋ ਬੇਦਾਂ ਦੇ ਪੁਕਾਰਨ ਵਾਚਣ ਦੀ ਖਲਜਗਣ ਵਿਚਿ ਪੈਕੇ ਅਪਣਾ ਜਨਮ ਹੀ ਹਾਰ ਗਏ। ਸੋਈ ਦਸ਼ਾ ਸਗੋਂ ਓਦੂੰ ਵਧ ਮੰਦੀ ਦਸ਼ਾ ਬ੍ਰਹਮਾ ਬਿਆਸ ਆਦਿਕ ਦੀ ਹੋਵੇਗੀ। ਤਿਨਾਂ ਆਨਮਤੀ ਹਿੰਦੂਆਂ ਦੇ ਮੰਨੇ ਦੰਨੇ ਆਗੂਆਂ ਦੀ ਗਤੀ ਤਦੇ ਹੋਵੇਗੀ ਜੇ ਮੁੜ ਗੁਰ ਸਰਣਾਇ ਆਵਣਗੇ ਅਤੇ ਸਚੇ ਨਾਮ ਦੀ ਦਾਤ ਗੁਰੂ ਘਰ ਵਿਚੋਂ ਪ੍ਰਾਪਤਿ ਕਰਕੇ ਤੇ ਸਚੇ ਗੁਰਸਿਖ ਬਣ ਕੇ ਅਪਣੇ ਜਨਮ ਸਵਾਰਣਗੇ। ਤਿਨ੍ਹਾਂ ਪ੍ਰਥਾਇ ਹੀ ਗੁਰੂ ਨਾਨਕ ਸਚੇ ਪਾਤਸ਼ਾਹ ਅਪਣੇ ਮਨ ਨੂੰ ਸੰਬੋਧਨ ਕਰਕੇ ਏਹ ਅਗਲੇਰਾ ਗੁਰਵਾਕ ਉਚਾਰਨ ਕਰਦੇ ਹਨ:—

ਸੁਣਿ ਮਨ ਭੂਲੇ ਬਾਵਰੇ ਗੁਰ ਕੀ ਚਰਣੀ ਲਾਗੁ।
ਹਰਿ ਜਪਿ ਨਾਮੁ ਧਿਆਇ ਤੂ ਜਮੁ ਡਰਪੈ ਦੁਖ ਭਾਗ।
ਦੂਖੁ ਘਣੋ ਦੋਹਾਗਣੀ ਕਿਉ ਥਿਰੁ ਰਹੈ ਸੁਹਾਗੁ।
ਭਾਈ ਰੇ ਅਵਰੁ ਨਾਹੀ ਮੈ ਥਾਉ। ਮੈ ਧਨੁ ਨਾਮੁ ਨਿਧਾਨੁ ਹੈ ਗੁਰਿ ਦੀਆ ਬਲਿ ਜਾਉ।੧।ਰਹਾਉ।
ਕਥਨੈ ਕਹਣਿ ਨ ਛੁਟੀਐ ਨਾ ਪੜਿ ਪੁਸਤਕ ਭਾਰ।
ਕਾਇਆ ਸੋਚ ਨ ਪਾਈਐ ਬਿਨੁ ਹਰਿ ਭਗਤਿ ਪਿਆਰ।
ਨਾਨਕ ਨਾਮੁ ਨ ਵੀਸਰੈ ਮੇਲੇ ਗੁਰੁ ਕਰਤਾਰ।੨੯।

ਵਿਆਖਿਆ:—ਨਿਰੀ ਕਥਣੀ ਕਹਿਣੀ ਕਰਕੇ ਛੁਟਕਾਰਾ ਨਹੀਂ ਹੁੰਦਾ,ਨਾਂ ਹੀ ਬਹੁਤੀਆਂ ਪੁਸਤਕਾਂ ਪੜ੍ਹ ਪੜ੍ਹਕੇ ਘੋਖ ਘੋਖ ਕੇ ਹੀ ਨਿਸਤਾਰਾ ਹੈ, ਚਾਹੇ, ਅਨਮਤੀ ਪੁਸਤਕਾਂ ਦੇ ਪਹਾੜ ਲਦ ਲਦ ਕੇ ਤੇ ਪੜ੍ਹ ਪੜ੍ਹ ਕੇ ਘੋਖੇ ਜਾਣ। ਨਾ ਹੀ ਨਿਰੀ ਕਾਇਆਂ ਦੀ ਸੁਚਮ ਰਖਿਆਂ ਹੀ ਵਾਹਿਗੁਰੂ ਦੀ ਪਰਾਪਤੀ ਹੁੰਦੀ ਹੈ। ਵਾਹਿਗੁਰੂ ਦੀ ਨਾਮ ਸਿਮਰਨ ਰੂਪੀ ਭਗਤੀ ਅਤੇ ਨਾਮ ਅਭਿਆਸ ਮਈ ਸਚੜੇ ਪ੍ਰੇਮ ਬਿਨਾਂ ਉਪਰ ਦਸੇ ਪੰਚ ਸਾਧਨਾਂ ਕਰਕੇ (ਜੋ ਆਮ ਤੌਰ ਤੇ ਅਨਮਤੀਆਂ ਦਾ ਵਤੀਰਾ ਹੈ) ਪਰਮਾਰਥ ਦੀ ਰੰਚਕ ਮਾਤਰ ਭੀ ਪ੍ਰਾਪਤੀ ਨਹੀਂ ਹੋ ਸਕਦੀ। ਗੁਰਮਤਿ ਅਨੁਸਾਰ ਭਾਉ ਭਗਤੀ ਸਭ ਤੋਂ ਮੁਖ ਸਾਧਨ ਪਰਮਾਰਥ ਪ੍ਰਾਪਤੀ ਦਾ ਹੈ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਵਾਹਿਗੁਰੂ ਦੀ ਪ੍ਰਾਪਤੀ (ਮਿਲਾਪ) ਕੇਵਲ ਗੁਰੂ ਦੀ ਬਸੀਠੀ ਦੁਆਰਾ ਸੰਭਵ ਹੈ। ਗੁਰੂਦੁਆਰਾ ਸਚੇ ਨਾਮ ਦੀ ਦੀਖਿਆ ਮਿਲਦੀ ਹੈ। ਨਾਮ ਦ੍ਰਿੜ੍ਹ ਹੀ ਗੁਰੂਦੁਆਰਾ ਹੋ ਸਕਦਾ ਹੈ। ਸ੍ਰੀ ਦਸਮੇਸ਼ ਜੀ ਨੇ ਗੁਰਦੀਖਿਅਤ ਗੁਰੂ ਸਰੂਪ ਪੰਜਾਂ ਪਿਆਰਿਆਂ ਦੁਆਰਾ ਹੀ ਸਦੀਵ ਲਈ ਕਾਇਮ ਦਾਇਮ ਕੀਤੀ ਹੈ। ਇਸ ਬਿਧਿ ਤੱਤ ਮਰਯਾਦਾ ਅਨੁਸਾਰ ਗੁਰੂ ਸਰੂਪ ਪੰਜਾਂ ਪਿਆਰਿਆਂ ਤੋਂ ਦ੍ਰਿੜ ਹੋਇਆ ਗੁਰ ਦੀਖਿਆ ਸਰੂਪ ਨਾਮ ਜਗਿਆਸੂ ਸਿਖ ਦੇ ਹਿਰਦੇ ਵਿਚੋਂ ਕਦੇ ਦੂਰ ਨਹੀਂ ਹੁੰਦਾ। ਸੁਆਸ ਸੁਆਸ ਗੁਰ ਦੀਖਿਅਤ ਨਾਮ ਨੂੰ ਗੁਰਮਤਿ ਗ੍ਰਾਹਕ ਹੀ ਸਚੇ ਗੁਰਸਿਖ ਸੁਆਸ ਸੁਆਸ ਸਿਮਰਦੇ ਰਹਿੰਦੇ ਹਨ ਕਦੇ ਨਹੀਂ ਵਿਸਾਰਦੇ।

---

**ਸੂਰਾ ਅੰਕ—** 'ਸੂਰਾ' ਪਟਿਆਲਾ ਦੇ ਸੁਹਿਰਦ ਲੇਖਕਾਂ ਪ੍ਰਤੀ ਜ਼ਰੂਰੀ ਬੇਨਤੀ ਕੀਤੀ ਜਾਂਦੀ ਹੈ ਕਿ ਅਗਲਾ ਪਰਚਾ ਸੂਰਾ ਅੰਕ ਹੋਵੇਗਾ, ਇਸ ਲਈ ਸ਼ੀਘਰ ਹੀ ਆਪਣੇ ਆਪਣੇ ਲੇਖ ਭੇਜ ਦਿਤੇ ਜਾਣ, ਤਾਕਿ ਯੋਗ ਥਾਂ ਦਿਤੀ ਜਾ ਸਕੇ। ਦਾਸ—ਮੈਨੇਜਰ



www.AKJ.Org

# ਪਵਿੱਤਰ ਪ੍ਰੇਮ ਦਾ ਗਾਹਕ

[ ਵਲੋਂ:—ਸ: ਰਾਜਿੰਦਰ ਸਿੰਘ ਐਮ.ਏ. ਸੰਗੀਤ ਪ੍ਰਭਾਕਰ (ਪਿਲਖੁਵਾ) ]

ਮਾਲਵੇ ਦੀ ਧਰਤੀ ਨੂੰ ਆਪਣੇ ਚਰਨਾਂ ਦੀ ਛੋਹ ਨਾਲ ਪਵਿਤਰ ਕਰਦੇ ਹੋਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਪਿੰਡ ਵਿਚ ਵਿਸ੍ਰਾਮ ਕੀਤਾ ਜਿਸ ਦਾ ਸਰਦਾਰ ਰਾਏ ਡੱਲਾ ਸੀ। ਡੱਲਾ ਬੜਾ ਭਾਰੀ ਜੋਧਾ ਸੀ ਅਤੇ ਇਸ ਨੂੰ ਆਪਣੀ ਅਤੇ ਆਪਣੇ ਬੀਰ ਸਰਦਾਰਾਂ ਦੀ ਸ਼ਕਤੀ ਦਾ ਬੜਾ ਮਾਣ ਸੀ। ਇਹ ਅਕਸਰ ਗੁਰੂ ਜੀ ਦੇ ਹਜ਼ੂਰ ਆਂਦਾ ਅਤੇ ਘੰਟਿਆਂ ਤਕ ਸੰਗਤ ਵਿਚ ਬੈਠਾ ਗੁਰੂ ਜੀ ਨਾਲ ਬਚਨ ਬਿਲਾਸ ਕਰਦਾ ਰਹਿੰਦਾ। ਇਕ ਦਿਨ ਗਲਾਂ ਹੀ ਗਲਾਂ ਵਿਚ ਡੱਲਾ ਗੁਰੂ ਜੀ ਨੂੰ ਕਹਿਣ ਲੱਗਾ ਸੱਚੇ ਪਾਤਸ਼ਾਹ ਤੁਹਾਡੇ ਨਾਲ ਜੋ ਕੁਝ ਹੋਇਆ ਉਸ ਨੂੰ ਸੁਣ ਕੇ ਦਿਲ ਦੁਖ ਨਾਲ ਭਰ ਜਾਂਦਾ ਹੈ। ਸਾਰਾ ਪਰਵਾਰ ਮਾਤਾ, ਪਿਤਾ, ਫੁੱਲਾਂ ਜਿਹੇ ਚਾਰ ਬੱਚੇ ਹਜ਼ਾਰਾਂ ਸਿਖ ਸੇਵਕ ਅਨੰਦਪੁਰ ਦੇ ਸੁਖਦਾਇਕੁ ਨਿਵਾਸ, ਸਭ ਕੁਝ ਹੀ ਚਲਾ ਗਿਆ। ਆਪ ਜੀ ਦੀ ਐਸੀ ਦਰਦਨਾਕ ਅਵਸਥਾ ਦੇਖ ਕੇ ਮੁਗਲਾਂ ਦੀ ਸਾਮਰਾਜਵਾਦੀ ਨੀਤੀ ਦੇ ਪ੍ਰਤਿ ਕ੍ਰੋਧ ਨਾਲ ਤਨ ਬਦਨ ਜਲ ਉਠਦਾ ਹੈ। ਮੈਨੂੰ ਤਾਂ ਕੇਵਲ ਇਕ ਹੀ ਗਲ ਦਾ ਦੁਖ ਹੈ ਕਿ ਮੇਰੇ ਇਤਨੇ ਸਾਰੇ ਸੂਰਬੀਰਾਂ ਅਤੇ ਬਾਂਕੇ ਜਵਾਨਾਂ ਨੂੰ ਆਪਣੇ ਦੋ ਹਥ ਦਿਖਾਣ ਦਾ ਅਵਸਰ ਨਾਂ ਮਿਲਿਆ। ਇਹਨਾਂ ਚੋਂ ਇਕ 2 ਜਵਾਨ ਨੇ ਹਜ਼ਾਰਾਂ ਮੁਗਲਾਂ ਤੇ ਭਾਰੀ ਹੋਣਾ ਸੀ। ਅਤੇ ਆਪ ਜੀ ਨੂੰ ਇਹ ਦਿਨ ਨਹੀਂ ਦੇਖਣਾ ਪੈਣਾ ਸੀ।

ਡੱਲੇ ਦੀਆਂ ਹਮਦਰਦੀ ਪੂਰਬਕ ਕਹੀਆਂ ਗਈਆਂ ਗੱਲਾਂ ਸੁਣ ਕੇ ਗੁਰੂ ਜੀ ਥੋੜੀ ਦੇਰ ਸ਼ਾਂਤ ਅਤੇ ਗੰਭੀਰ ਬੈਠੇ ਰਹੇ। ਮਾਨੋਂ ਸ਼ਾਂਤੀ ਦੇ ਅਗਾਧ ਸਾਗਰ ਵਿਚ ਵਿਚਰ ਰਹੇ ਹੋਣ। ਫਿਰ ਉਸੇ ਹੀ ਗੰਭੀਰਤਾ ਵਿਚ ਬੋਲੇ ਵਾਹਿਗੁਰੂ ਦਾ ਐਸਾ ਹੀ ਭਾਣਾ ਸੀ ਡੱਲਿਆ

ਗੁਰੂ ਜੀ ਦਾ ਐਸਾ ਉਤਰ ਸੁਣ ਕੇ ਡੱਲੇ ਦੀ ਕੋਈ ਸਨਤੁਸ਼ਟੀ ਨਾਂ ਹੋਈ। ਪਰ ਗੁਰੂ ਜੀ ਨੂੰ ਗੰਭੀਰ ਦੇਖ ਕੇ ਕੁਛ ਜ਼ਿਆਦਾ ਨਾਂ ਕਹਿ ਸਕਿਆ ਅਤੇ ਉਠ ਕੇ ਚਲਾ ਗਿਆ।

ਕੁਝ ਦਿਨ ਬੀਤੇ ! ਇਕ ਦਿਨ ਫੇਰ ਐਸਾ ਹੀ ਅਵਸਰ ਆਇਆ ਜਦੋਂ ਡੱਲੇ ਨੇ ਕਿਹਾ 'ਆਪ ਜੀ ਦਾ ਇਹ ਪਰਮ ਸੇਵਕ ਡੱਲਾ ਆਪਣੇ ਸੂਰਬੀਰਾਂ ਦੇ ਜੌਹਰ ਨਾਂ ਦਿਖਾ ਸਕਿਆ। ਜੇ ਕਰ ਆਪ ਜੀ ਮੇਰੇ ਸੂਰਬੀਰਾਂ ਦੇ ਹਥ ਦੇਖਦੇ ਤਾਂ ਵਾਹ ਵਾਹ ਕਰ ਉਠਦੇ। ਐਸੇ ਜੋਧੇ ਢੂੰਢਿਆਂ ਨਹੀਂ ਮਿਲਦੇ। ਮੁਗਲ ਸੈਨਾ ਦੀ ਟੱਕਰ ਲਈ ਇਸ ਤਰਾਂ ਦੇ ਡੀਲ ਡੌਲ ਵਾਲੇ ਲੰਬੇ ਜਵਾਨ ਚਾਹੀਦੇ ਸੀ।

ਗੁਰੂ ਜੀ ਨੇ ਡੱਲੇ ਦੀ ਗਲ ਦਾ ਕੋਈ ਉਤਰ ਨਾ ਦਿਤਾ ਅਤੇ ਗਲ ਆਈ ਗਈ ਹੋ ਗਈ। ਡੱਲਾ ਫਿਰ ਵੀ ਨਾ ਸਮਝਿਆ। ਉਸਨੂੰ ਆਪਣੀ ਅਤੇ ਆਪਣੇ ਸਰਦਾਰਾਂ ਦੀ ਬਹਾਦਰੀ ਦਾ ਕੁਛ ਜ਼ਿਆਦਾ ਹੀ ਮਾਣ ਸੀ। ਜਦੋਂ ਕੋਈ ਅਵਸਰ



www.AKJ.Org

ਦੇਖਦਾ ਇਸੇ ਗਲ ਨੂੰ ਲੈ ਬੈਠਦਾ। ਆਖਿਰ ਇਕ ਦਿਨ ਓਸ ਦੀ ਅਤੇ ਓਸਦੇ ਬੀਰ ਸਰਦਾਰਾਂ ਦੀ ਪਰੀਖਿਆ ਦਾ ਸਮਾਂ ਆ ਗਿਆ।

ਗੱਲਾਂ ਹੀ ਗੱਲਾਂ ਵਿਚ ਡੱਲਾ ਬੋਲਿਆ—ਗੁਰੂ ਜੀ ਜੇ ਆਪ ਜੀ ਨੇ ਇਸ਼ਾਰਾ ਮਾਤਰ ਕੀਤਾ ਹੁੰਦਾ ਤਾਂ ਅਸਾਂਨੂੰ ਇਹ ਅਫਸੋਸ ਨਾਂ ਰਹਿੰਦਾ ਕਿ ਅਸੀਂ ਆਪਣੇ ਗੁਰੂ ਦੇ ਕੁਛ ਕੰਮ ਨਾ ਆ ਸੱਕੇ। ਮੇਰੇ ਪਹਾੜ ਜਿਹੇ ਜੋਧੇ ਅਤੇ ਬੀਰ ਸਰਦਾਰਾਂ ਨੇ ਮੁਗਲਾਂ ਦਾ ਮੂੰਹ ਮੋੜ ਦੇਣਾ ਸੀ। ਗੁਰੂ ਜੀ ਫੇਰ ਵੀ ਚੁਪ ਹੀ ਰਹੇ।

ਜਦੋਂ ਅਹੰਕਾਰ ਆਪਣੀ ਸੀਮਾਂ ਨੂੰ ਲੰਘ ਜਾਂਦਾ ਹੈ ਤਾਂ ਉਹ ਖੁਦ ਹੀ ਆਪਣੀ ਜੜ੍ਹ ਵਢ ਲੈਂਦਾ ਹੈ। ਗੁਰੂ ਜੀ ਡੱਲੇ ਦੇ ਬਾਰੇ ਸੋਚ ਹੀ ਰਹੇ ਸਨ ਕਿ ਅਚਾਨਕ ਲਾਹੌਰ ਦੇ ਲਾਗੇ ਦਾ ਇਕ ਸਿਖ ਹਾਜ਼ਰ ਹੋਇਆ ਅਤੇ ਗੁਰੂ ਜੀ ਨੂੰ ਡੰਡੋਤ ਕੀਤਾ। ਫਿਰ ਦੀਨ ਭਾਵ ਨਾਲ ਬੋਲਿਆ—ਦੀਨ ਬੰਧੂ ਜੀ, ਆਪ ਜੀ ਦਾ ਇਹ ਸੇਵਕ ਆਪਣੀ ਤੁਛ ਭੇਟ ਇਕ ਬੰਦੂਕ ਲੈ ਕੇ ਹਾਜ਼ਰ ਹੋਇਆ ਹੈ। ਕ੍ਰਿਪਾ ਕਰਕੇ ਇਸਨੂੰ ਸਵੀਕਾਰ ਕਰੋ ਅਤੇ ਇਸ ਦਾ ਨਿਸ਼ਾਨਾ ਲਗਾ ਕ ਦੇਖੋ ਕਿ ਆਪ ਜੀ ਦਾ ਇਹ ਸੇਵਕ ਇਸ ਨਵੇਂ ਸ਼ਸਤਰ ਨੂੰ ਬਨਾਣ ਵਿਚ ਕਿਥੋਂ ਤਕ ਸਫਲ ਹੋਇਆ ਹੈ।

ਇਤਨਾਂ ਆਖ ਕੇ ਉਹ ਸਿਖ ਕੋਲ ਹੀ ਜ਼ਮੀਨ ਤੇ ਬੈਠ ਗਿਆ। ਗੁਰੂ ਜੀ ਉਠੇ ਅਤੇ ਬੰਦੂਕ ਨੂੰ ਹਥ ਵਿਚ ਲੈ ਲੀਤਾ। ਪਹਿਲੇ ਸਰਸਰੀ ਨਜ਼ਰ ਓਸ ਉਤੇ ਫੇਰੀ ਫਿਰ ਉਲਟ ਪਲਟ ਕੇ ਨਵੀਂ ਤੁਪਕ ਨੂੰ ਦੇਖਦੇ ਰਹੇ। ਫਿਰ ਡੱਲੇ ਵਲ ਵੇਖਿਆ ਮਾਨੋ ਕਹਿ ਰਹੇ ਹੋਣ. ਪਰੀਖਿਆ ਦਾ ਸਮਾਂ ਆ ਗਿਆ ਹੈ ਤਿਆਰ ਹੋ ਜਾਓ।

ਬੰਦੂਕ ਹਥ ਵਿਚ ਲਈ ਗੁਰੂ ਜੀ ਓਸ ਵਿਚ ਬਰੂਦ ਭਰਨ ਲਗ ਪਏ। ਡੱਲੇ ਵਲ ਵੇਖੇ ਬਿਨਾਂ ਹੀ ਚੋਜੀ ਪ੍ਰੀਤਮ ਕਹਿਣ ਲੱਗੇ, "ਡੱਲਿਆ, ਆਪਣੇ ਦੋ ਬਲਵਾਨ ਜਿਹੇ ਜਵਾਨਾਂ ਨੂੰ ਭੇਜ। ਬੰਦੂਕ ਦਾ ਨਿਸ਼ਾਨਾ ਪਰਖਣਾ ਹੈ।"

ਨਿਸ਼ਾਨਾ ਪਰਖਨ ਲਈ ਵੀ ਜੋਧਿਆਂ ਦੇ ਸੀਨਿਆਂ ਦੀ ਲੋੜ ਹੋ ਸਕਦੀ ਹੈ ਇਹ ਗਲ ਡੱਲਾ ਸੁਪਨੇ ਵਿਚ ਵੀ ਨਹੀਂ ਸੋਚ ਸਕਦਾ ਸੀ। ਇਸ ਗਲ ਨੂੰ ਸੋਚ ਕੇ ਡੱਲੇ ਦਾ ਮੂੰਹ ਪੀਲਾ ਪੈ ਗਿਆ ਇਹ ਕੈਸੇ ਗੁਰੂ ਨੇ ਜੋ ਆਪਣੇ ਦੋ ਘੜੀ ਨਿਸ਼ਾਨਾ ਪਰਖਨ ਦੇ ਸ਼ੋਕ ਵਿਚ ਮੇਰੇ ਦੋ ਸਰਦਾਰ ਮਾਰ ਦੇਣਾ ਚਾਹੁੰਦੇ ਹਨ। ਐਸਾ ਪਹਿਲਾਂ ਤਾਂ ਕਿਤੇ ਨਹੀਂ ਹੋਇਆ। ਇਹ ਹਨੇਰ ਹੈ। ਕਿਉਂਕਿ ਕੋਈ ਵੀ ਸਰਦਾਰ ਅਪਣੇ ਨੂੰ ਬਿਨ ਬੁਲਾਈ ਮੌਤ ਦੇ ਹਵਾਲੇ ਕਰਨ ਲਈ ਤਿਆਰ ਨਹੀਂ ਹੋਵੇਗਾ।

ਗੁਰੂ ਜੀ ਨੇ ਡੱਲੇ ਦੇ ਮੁਖ ਨੂੰ ਧਿਆਨ ਨਾਲ ਵੇਖਿਆ ਅਤੇ ਉਸਦੇ ਮਨ ਵਿਚ ਛਿੜੇ ਜੁੱਧ ਨੂੰ ਤਾੜ ਗਏ ਫਿਰ ਵੀ ਅੰਤਰਜਾਮੀ ਅਨਜਾਣ ਬਣਦੇ ਹੋਏ ਬੋਲੇ—ਡੱਲਿਆ ਜਲਦੀ ਕਰ ਨਾਂ, ਕੀਹ ਸੋਚ ਰਿਹਾ ਹੈਂ।

ਗੁਰੂ ਜੀ ਦੇ ਦੁਬਾਰਾ ਆਗਿਆ ਸੁਨਾਣ ਤੇ ਡੱਲਾ ਮਾਨੋ ਨੀਂਦ ਚੋਂ ਜਾਗਿਆ-ਹੁਣੇ ਲਿਆਇਆ ਮਹਾਰਾਜ। ਐਸਾ ਕਹਿ ਕੇ ਉਸ ਤੰਬੂ ਵਲ ਤੁਰਿਆ ਜਿਸ ਵਿਚ ਉਸ ਦੇ ਸਰਦਾਰ ਬੈਠ ਸਨ। ਜਦੋਂ ਡੱਲੇ ਨੇ ਗੁਰੂ ਜੀ ਦੀ ਆਗਿਆ ਕਹਿ ਸੁਨਾਈ ਅਤੇ ਬਲਵਾਨ ਜਿਹੇ ਦੋ ਜੋਧਿਆਂ ਨੂੰ ਗੋਲੀ ਦਾ ਨਿਸ਼ਾਨਾ ਬਨਣ ਲਈ ਕਿਹਾ ਤਾਂ ਸਰਦਾਰ ਸੋਚਣ ਲਗ ਪਏ ਸ਼ਾਇਦ ਸਾਡੇ ਸਰਦਾਰ ਦਾ ਦਿਮਾਗ ਖਰਾਬ ਹੋ ਗਿਆ ਹੈ ਜੋ ਆਪਣੇ ਗੁਰੂ ਦੀਆਂ ਅਟ-ਪਟੀਆਂ ਗੱਲਾਂ ਤੇ ਧਿਆਨ ਦਿੰਦਾ ਹੋਇਆ ਆਪਣੇ ਸਰਦਾਰਾਂ ਦੀ ਜਾਨ ਦਾ ਦੁਸ਼ਮਨ ਹੋ ਗਿਆ ਹੈ।

ਡੱਲੇ ਨੇ ਆਪਣੇ ਜਿਸ ਸਰਦਾਰ ਨੂੰ ਚਲਣ ਲਈ ਆਖਿਆ ਉਸੇ ਨੇ ਕੁਛ ਬਹਾਨਾ ਬਣਾ ਦਿੱਤਾ ਕਿਸੇ ਦੇ ਪੇਟ ਚ ਦਰਦ ਸੀ ਅਤੇ ਕਿਸ ਦੇ ਸਿਰ ਵਿਚ। ਕਿਸੇ ਨੂੰ ਬੁਖਾਰ ਸੀ ਅਤੇ ਕਿਸੇ ਨੇ ਕਿਹਾ ਜੇ ਮਰਨਾ ਹੀ ਹੈ, ਤੇ ਜੁੱਧ ਵਿਚ ਪ੍ਰਾਨ ਦਿਆਂਗੇ। ਐਵੇਂ ਹੀ ਕਿਸੇ ਦੇ ਹਥੋਂ ਕਿਉਂ ਗੋਲੀ ਦਾ ਨਿਸ਼ਾਨਾ ਬਣੀਏ।



www.AKJ.Org

ਡੱਲਾ ਨਿਰਾਸ, ਸਿਰ ਨੀਂਵਾ ਕਰੀ, ਵਾਪਸ ਚਲਾ ਅਇਆ ਉਸ ਨੂੰ ਇਸ ਤਰਾਂ ਵਾਪਸ ਆਂਵਦਾ ਦੇਖ ਗੁਰੂ ਜੀ ਮੁਸਕਰਾਏ ਫਿਰ ਉਸ ਦੇ ਵਲ ਦੇਖਦੇ ਹੋਏ ਬੋਲੇ—'ਕਿਉਂ ਡਲਿਆ, ਕੋਈ ਨਹੀਂ ਆਇਆ ?

ਡੱਲੇ ਨੇ ਕੋਈ ਉੱਤਰ ਨਹੀਂ ਦਿੱਤਾ। ਜਿਸ ਦਾ ਸਾਫ ਜਿਹਾ ਅਰਥ ਇਹ ਸੀ ਕਿ ਮਹਾਰਾਜ ਕੋਈ ਵੀ ਇਸ ਤਰ੍ਹਾਂ ਆਪਣੀ ਜਾਨ ਤੋਂ ਹਥ ਧੋਣ ਨੂੰ ਤਿਆਰ ਨਹੀਂ।

ਡੱਲੇ ਦੀ ਚੁਪ ਦਾ ਅਰਥ ਸਮਝਦੇ ਹੋਏ ਗੁਰੂ ਜੀ ਨੇ ਆਪਣੇ ਇਕ ਸੇਵਕ ਨੂੰ ਸੰਕੇਤ ਨਾਲ ਆਪਨੇ ਕੋਲ ਬੁਲਾਇਆ ਅਤੇ ਕਿਹਾ—'ਸਾਹਮਣੇ ਲੰਗਰ ਵਿਚ ਜੋ ਦੋ ਸਿੰਘ ਦਸਤਾਰਾ ਸਜਾ ਰਹੇ ਹਨ ਉਹਨਾਂ ਨੂੰ ਆਖੋ ਕਿ ਗੁਰੂ ਜੀ ਨੇ ਤੁਹਾਨੂੰ ਤੁਰਤ ਬੁਲਾਇਆ ਹੈ। ਉਹ ਤੁਹਾਡੇ ਉਤੇ ਬੰਦੂਕ ਦਾ ਨਿਸ਼ਾਨਾ ਪਰਖਣਾ ਚਾਹੁੰਦੇ ਹਨ। ਦੇਖੋ ਕਿਸੇ ਦਾ ਨਾਂ ਨਹੀਂ ਲੈਣਾ ਸੇਵਕ ਨੇ ਗੁਰੂ ਜੀ ਦੀ ਆਗਿਆ ਕਹਿ ਸੁਣਾਈ ਮਥੇ ਵੱਟ ਪਾਉਂਦੇ ਗੁਰੂ ਜੀ ਬੋਲੇ— 'ਕੀਹ ਗਲ ਹੈ ਮੈ ਇਕ ਨੂੰ ਸਦਿਆ ਸੀ ਤੁਸੀਂ ਦੋ ਕਿਉਂ ਆਏ ਹੋ।

ਇਸ ਤੋਂ ਇਕ ਸਿੰਘ ਨੇ ਹਥ ਜੋੜ ਕੇ ਬੇਨਤੀ ਕਰਦਿਆਂ ਕਿਹਾ—'ਕ੍ਰਿਪਾ ਨਿਧਾਨ ਸੇਵਕ ਨੇ ਕਿਸੇ ਦਾ ਨਾਂ ਨਹੀਂ ਲਿਆ, ਜਦ ਉਸਨੇ ਆਪ ਜੀ ਦਾ ਹੁਕਮ ਕਹਿ ਸੁਣਾਇਆ, ਅਸੀਂ ਲੰਗਰ ਵਿਚ ਦੋਵੇਂ ਦਸਤਾਰੇ ਸਜਾ ਰਹੇ ਸੀ ਇਸ ਲਈ ਅਸੀਂ ਦੋਨੋਂ ਹੀ ਚਲੇ ਆਏ ਹਾਂ। ਇਹ ਮੇਰਾ ਮਿਤਰ ਮੇਰੇ ਤੋਂ ਛੋਟਾ ਹੈ। ਅਜੇ ਇਸ ਦੀ ਨਵੀਂ ਉਮਰ ਹੈ ਅਤੇ ਇਸ ਨੇ ਅਜੇ ਦੇਸ਼ ਦੇ ਲਈ, ਬਹੁਤ ਕੁਝ ਕਰਨਾ ਹੈ। ਮੈਂ ਉਮਰ ਵਿਚ ਵੱਡਾ ਹਾਂ ਇਸ ਲਈ ਸੋਚਦਾ ਹਾਂ ਕਿ ਇਸ ਸ਼ੁਭ ਅਵਸਰ ਨੂੰ ਆਪਣੇ ਹਥੋਂ ਨਾਂ ਜਾਣ ਦਿਆਂ ਅਤੇ ਆਪ ਜੀ ਦੇ ਕਰ ਕਮਲਾਂ ਦੁਆਰਾ ਬੰਦੂਕ ਦਾ ਨਿਸ਼ਾਨਾ ਬਣ ਕੇ ਮੁਕਤੀ ਪਾਵਾਂ।

ਇਹ ਹੀ ਗਲ ਗੁਰੂ ਜੀ ਨੇ ਜਦੋਂ ਦੂਸਰੇ ਸਿੰਘ ਪਾਸੋਂ ਪੁਛੀ ਤਾਂ ਉਸ ਨੇ ਨਿਮ੍ਰਤਾ ਪੂਰਬਕ ਉੱਤਰ ਦਿੱਤਾ—ਮਹਾਰਾਜ, ਸੇਵਕ ਕੋਲੋਂ ਪਹਿਲਾਂ ਹੁਕਮ ਮੈਂ ਹੀ ਸੁਣਿਆ ਸੀ। ਇਸ ਲਈ ਚਾਹੇ ਇਹ ਮੇਰਾ ਵੀਰ ਮੇਰੇ ਤੋਂ ਵੱਡਾ ਹੀ ਹੈ ਪਰ ਹੁਕਮ ਪਹਿਲਾਂ ਮਿਲਣ ਦੇ ਨਾਤੇ ਮੇਰਾ ਇਹ ਫਰਜ਼ ਹੈ ਕਿ ਮੈਂ ਪਹਿਲਾਂ ਬੰਦੂਕ ਦਾ ਨਿਸ਼ਾਨਾ ਬਣਾਂ।

ਦੋਹਾਂ ਹੀ ਗਲ ਸਣ ਕੇ ਗੁਰੂ ਜੀ ਦੁਬਧਾ ਵਿਚ ਪੈ ਗਏ। ਫਿਰ ਕੁਛ ਸੋਚਕੇ ਬੋਲੇ ਅੱਛਾ ਤੁਸੀਂ ਦੋਵੇਂ ਹੀ ਸਾਮਣੇ ਖੜੇ ਹੋ ਜਾਵੋ। ਮੈਂ ਜਿਸ ਦਾ ਨਿਸ਼ਾਨਾ ਠੀਕ ਸਮਝਾਂਗਾ ਬਣਾ ਦਿਆਂਗਾ। ਜਿਸ ਦਾ ਨਿਸ਼ਾਨਾ ਠੀਕ ਬੈਠਿਆ ਗੋਲੀ ਦਾਗ਼ ਦਿਆਂਗਾ।

ਹੁਕਮ ਮਿਲਦੇ ਹੀ ਦੋਨੋਂ ਸਾਹਮਣੇ ਖੜੇ ਹੋ ਗਏ, ਗੁਰੂ ਜੀ ਨੇ ਪਲੀਤਾ ਲਾ ਦਿੱਤਾ। ਜਿਧਰ ਵੀ ਗੁਰੂ ਜੀ ਬੰਦੂਕ ਦਾ ਰਖ ਕਰਦੇ ਦੋਨੋਂ ਉਸੇ ਤਰਫ ਨਸਦੇ। ਮਰਨ ਨੂੰ ਦੋਨੋਂ ਤਤਪਰ ਸ਼ਹੀਦੀ ਲਈ ਦੋਨੋਂ ਤਿਆਰ। ਉਹਨਾਂ ਦੀ ਐਸੀ ਦਰਦਨਾਕ ਅਵਸਥਾ ਦੇਖ ਚੋਜੀ ਪਿਤਾ ਦੇ ਨੈਣ ਭਰ ਆਏ, ਬੰਦੂਕ ਦਾ ਨਿਸ਼ਾਨਾ ਇਕ ਪਾਸੇ ਦਾਗ਼ ਦੋਨਾਂ ਪੁਤਰਾਂ ਨੂੰ ਸੀਨੇ ਨਾਲ ਨਾ ਲਿਆ, ਅਤੇ ਢੇਰ ਸਾਰਾ ਪਿਆਰ ਦਿੱਤਾ। ਫਿਰ ਡੱਲੇ ਵਲ ਵੇਖਕੇ ਬੋਲੇ— ਡਲਿਆ ਦੇਖਿਆ ਈ ਮੇਰੇ ਇਹਨਾਂ ਪੁਤ੍ਰਾਂ ਦਾ ਪਿਆਰ। ਇਹਨਾਂ ਦੀਵਾਨਿਆਂ ਦੀ ਮ੍ਰਿਤਯੂ ਵਰਨ ਦੀ ਚਾਹ ਇਹਨਾਂ ਹੀ ਪੁਤਰਾਂ ਦੇ ਪਵਿਤਰ ਪ੍ਰੇਮ ਵਸ ਮੈ ਚਾਰੇ ਲਾਲ ਕੁਰਬਾਨ ਕਰ ਦਿਤੇ ਨੇ ਅਨੰਦਪੁਰ ਦੇ ਸੁਖਦਾਈ ਨਿਵਾਸ ਸਾਰਾ ਪਰਵਾਰ ਇਹਨਾਂ ਉਤੇ ਹੀ ਨਿਛਵਾਰ ਕਰ ਦਿੱਤਾ ਹੈ। ਮੇਰੇ ਕੋਲ ਅਹੰਕਾਰ ਲਈ ਕੋਈ ਥਾਂ ਨਹੀਂ। ਮੈਂ ਤਾਂ ਪਵਿਤਰ ਪ੍ਰੇਮ ਦਾ ਗਾਹਕ ਹਾਂ।

ਡੱਲੇ ਨੇ ਗੁਰੂ ਜੀ ਦੇ ਚਰਨ ਫੜ ਲਏ। ਅਹੰਕਾਰ ਦੇ ਬਦਲ ਹਟ ਗਏ ਅਤੇ ਡੱਲੇ ਦਾ ਮਨ ਪਵਿਤਰ ਪ੍ਰੇਮ ਦੇ ਪ੍ਰਕਾਸ਼ ਨਾਲ ਜਗਮਗਾਨ ਲਗ ਪਿਆ।

—o—



www.AKJ.Org

# ਸ੍ਰੀ ਅਖੰਡ ਪਾਠ

[ ਵਲੋਂ—ਪ੍ਰੋਫੈਸਰ ਗੁਰਮੁਖ ਸਿੰਘ ਜੀ ਸੰਗਰੂਰ ]

(ਲੜੀ ਜੋੜਨ ਲਈ ਫ਼ਰਵਰੀ ੧੯੯੯ ਦਾ ਪਰਚਾ ਵੇਖੋ)

## ਸ੍ਰੀ ਅਖੰਡ ਪਾਠ ਸਬੰਧੀ ਪ੍ਰਚਲਿਤ ਮਰਯਾਦਾ

ਸ੍ਰੀ ਅਖੰਡ ਪਾਠ ਦੀਆਂ ਇਕ ਨਹੀਂ ਅਨੇਕ ਕਿਸਮ ਦੀਆਂ ਪਰਚਲਿਤ ਮਰਯਾਦਾਂ ਪੰਥ ਵਿਚ ਚਲ ਰਹੀਆਂ ਹਨ। ਹੈ ਤਾਂ ਬੜੀ ਅਜੀਬ ਗਲ ਕਿ ਕਰਨਾ ਤਾਂ ਪਾਠ ਹੈ ਪਰ ਇਹ ਕੀ ਕਿ ਇਸ ਵਿੱਚ ਭੀ ਵਖੋ ਵਖ ਵਿਧੀਆਂ? ਇਹ ਗਲ ਭਾਵੇਂ ਅਜੀਬ ਹੀ ਲਗੇ, ਪਰ ਹਰ ਜਥੇ, ਹਰ ਸੰਪ੍ਰਦਾ ਵਿੱਚ ਪਾਠ ਦੀ ਵਖੋ ਵਖ ਮਰਯਾਦਾ ਪਰਚਲਿਤ ਹੋਈ ਹੈ।

### ਦੇਗ

ਕਿਤੇ ਕਿਤੇ ਪਿੰਡਾਂ ਵਿਚ ਪਾਠ ਦੇ ਆਰੰਭ ਕਰਨ ਲਗਿਆਂ ਭਾਈ ਸਾਹਿਬ ਦੇਗ ਹਾਜ਼ਰ ਨਹੀਂ ਕਰਦੇ, ਸਗੋਂ ਗੁੜ ਦੀ ਭੇਲੀ ਰਖੀ ਜਾਂਦੀ ਹੈ ਜੋ ਬਾਦ ਵਿਚ ਵਰਤਾਈ ਜਾਂਦੀ ਹੈ। ਅਸਲ ਮਰਯਾਦਾ ਕੀ ਹੈ, ਜੋ ਨਿਹਾਇਤ ਸਾਵਧਾਨੀ ਨਾਲ ਮਰਯਾਦਾ ਪੂਰਬਕ ਸਜਾਉਣੀ ਚਾਹੀਦੀ ਹੈ। ਪਾਠ ਆਰੰਭ ਹੋਣ ਤੋਂ ਪਹਿਲਾਂ ਹੀ ਦੇਗ ਹਾਜ਼ਰ ਹੋਵੇ, ਫਿਰ ਅਨੰਦ ਸਾਹਿਬ ਦੀਆਂ ਛੇ ਪਉੜੀਆਂ ਦਾ ਪਾਠ ਉਪਰੰਤ ਅਰਦਾਸਾ। ਫਿਰ ਹੁਕਮ ਨਾਮਾ ਅਤੇ ਪਾਠ ਦਾ ਆਰੰਭ ਹੀ ਠੀਕ ਮਰਯਾਦਾ ਜਾਪਦੀ ਹੈ।

ਫਿਰ ਜਦੋਂ ਪਾਠ ਦਾ ਮੱਧ ਆ ਜਾਏ ਤਾਂ ਉਸ ਤੋਂ ਪਹਿਲਾਂ ਹੀ ਦੇਗ ਤਿਆਰ ਰਹੇ, ਉਸ ਤਰਾਂ ਛੇ ਪਉੜੀਆਂ ਅਨੰਦ ਸਾਹਿਬ ਦੇ ਪਾਠ ਤੋਂ ਬਾਦ, ਮੱਧ ਦਾ ਸ਼ਬਦ 'ਆਦਿ ਪੂਰਨ ਮੱਧ ਪੂਰਨ, ਅੰਤ ਪੂਰਨ ਪਰਮੇਸਰਹਿ—ਪੰਨਾ 705 ਪੜ੍ਹਨ ਸਾਰ ਅਰਦਾਸੀਆ ਸਿੰਘ ਅਰਦਾਸ ਅਰੰਭ ਦੇਵ ਜਿਸ ਵਿੱਚ ਮੱਧ ਦੇ ਨਿਰਵਿਘਨ ਸਮਾਪਤ ਹੋਣ ਤੇ ਸਚੇ ਪਾਤਸ਼ਾਹ ਦਾ ਸ਼ੁਕਰਾਨਾ ਕੀਤਾ ਜਾਏ, ਨਾਲੇ ਦੇਗ ਦੀ ਅਰਦਾਸ ਕੀਤੀ ਜਾਏ। ਇਹ ਅਰਦਾਸ ਉਚੀ ਸੁਰ ਵਿੱਚ ਹੋਵੇ ਜਾਂ ਗੁਪਤ ਇਸ ਬਾਰੇ ਕੁਝ ਮਤ ਭੇਦ ਹਨ। ਬਹੁਤੀ ਥਾਂਈ ਇਹ ਦੇਖਨ ਵਿੱਚ ਆਉਂਦਾ ਹੈ ਕਿ ਮੱਧ ਦੀ ਅਰਦਾਸ ਉਚੀ ਸੁਰ ਵਿੱਚ ਹੀ ਕੀਤੀ ਜਾਂਦੀ ਹੈ।

ਉਸ ਵੇਲੇ ਪਾਠੀ ਸਿੰਘ ਪਾਠ ਹੌਲੀ ਹੌਲੀ ਕਰਦਾ ਹੈ। ਅਤੇ ਸਾਰੀ ਸੰਗਤ ਅਰਦਾਸ ਸੁਣ ਸਕਦੀ ਹੈ। ਜੇ ਅਰਦਾਸਾ ਗੁਪਤ ਕੀਤਾ ਜਾਏ ਤਾਂ ਪਾਠੀ ਸਿੰਘ ਨੂੰ ਕੋਈ ਖਲਬਲੀ ਨਹੀਂ ਹੋਵਗੀ। ਸੰਗਤ ਭਾਵੇਂ ਅਰਦਾਸ ਨਹੀਂ ਸੁਣ ਸਕਦੀ ਪਰ ਸਾਡਾ ਨਿਸ਼ਾਨਾ ਜੇ ਇਹ ਹੈ ਕਿ ਪਾਠੀ ਨੂੰ ਕਿਸੇ ਤਰਾਂ ਵੀ (Disturb) ਅਟਕਾ ਨਹੀਂ ਪਾਉਣਾ ਤਾਂ ਅਰਦਾਸਾ ਗੁਪਤ ਹੀ ਠੀਕ ਰਹੇਗਾ। ਪਰ ਆਮ ਪ੍ਰਚਲਤ ਮਰਯਾਦਾ ਉਚੀ ਅਰਦਾਸ ਕਰਨ ਦੀ ਹੈ।

### ਧੂਪ ਆਦਿ

ਦੇਗ ਤੋਂ ਬਾਦ ਧੂਪ ਆਦਿ ਦੀ ਸੁਗੰਧੀ ਦਾ ਨੰਬਰ ਆਉਂਦਾ ਹੈ। ਕੀ ਧੂਪ ਆਦਿ ਜਗਾਉਣਾ



www.AKJ.Org

ਗੁਰਮਤਿ ਹੈ ਜਾਂ ਆਨਮਤ ਤੋਂ ਨਕਲ ਕੀਤਾ ਗਿਆ ਹੈ। ਇਸ ਵਿੱਚ ਸ਼ਕ ਨਹੀਂ ਕਿ ਸਾਮਗਰੀ ਆਦਿ ਬ੍ਰਾਹਮਨੀ-ਪਰਧਾਨ-ਮਤ ਤੋਂ ਹੀ ਉਧਾਰ ਲਏ ਗਏ ਹਨ। ਭਾਵ ਇਹ ਹੈ ਕਿ ਉਸ ਅਸਥਾਨ ਦੇ ਵਾਯੂ ਮੰਡਲ ਨੂੰ ਸੁਗੰਧਤ ਕਰਕੇ ਮਨ-ਭਾਉਂਦਾ ਬਣਾਇਆ ਜਾਏ। ਇਕ ਗੁਰਮੁਖ ਪਿਆਰੇ ਨੇ ਬੜਾ ਸੋਹਣਾ ਸੁਝਾ ਦਿਤਾ ਕਿ ਪੁਰਾਣੇ ਸਮਿਆਂ ਵਿੱਚ ਲੋਕ ਬਾਣੀ ਦਾ ਪਾਠ ਸੁਣਨ ਹਿਤ ਸਵੇਰੇ ਜਾਂ ਸ਼ਾਮ ਨੂੰ ਗੁਰਦਵਾਰੇ ਸਾਹਿਬ, ਜਾਂ ਪਾਠ ਅਸਥਾਨ ਤੇ ਇਕਠੇ ਹੁੰਦੇ ਸਨ ਅਤੇ ਪਾਠ ਸਰਵਨ ਕਰਦੇ ਸਨ। ਇਸ ਭੀੜ ਵਿੱਚ ਸੁਭਾਵਕ ਹੈ ਕਿਸੇ ਦੀ ਬੇ-ਵਸੇ ਹਵਾ ਸਰਕ ਜਾਏ। ਉਸ ਵਕਤ ਪਾਠ ਦਾ ਵਾਯੂਮੰਡਲ ਬਦ-ਬੂਦਾਰ ਹੋ ਜਾਂਦਾ। ਇਸ ਨੂੰ ਰੋਕਣ ਲਈ ਜਾ ਇਸਦਾ ਅਸਰ ਘਟ ਕਰਨ ਲਈ ਸਾਮਗਰੀ ਜਾਂ ਧੂਪ ਦਾ ਪ੍ਰਯੋਗ ਸ਼ੁਰੂ ਹੋ ਪਿਆ। ਇਸ ਉਪਰੋਕਤ ਵਿਚਾਰ ਤੋਂ ਇਹ ਗਲ ਬਹੁਤ ਸਪਸ਼ਟ ਹੋ ਜਾਂਦੀ ਹੈ ਕਿ ਪਾਠ ਅਸਥਾਨ ਤੇ ਹਵਾ ਸ਼ੁਧ ਅਤੇ ਖੁਸ਼ਬੂਦਾਰ ਹੋਣੀ ਚਾਹੀਦੀ ਹੈ। ਇਸ ਦ ਲਈ ਧੂਪ ਨੂੰ ਛਡ ਕੇ ਅਜਦੇ ਯੁਗ ਵਿੱਚ ਅਜਿਹੇ ਬਹੁਤ ਸਾਧਨ ਹਨ ਜਿਨਾਂ ਨਾਲ ਇਹ ਮੰਤਵ ਸਹਿਜੇ ਹੀ ਪੂਰਾ ਹੋ ਸਕਦਾ ਹੈ।

## ਕੁੰਭ ਅਤੇ ਨਾਰੇਲ

ਇਹ ਆਮ ਦੇਖਣ ਵਿਚ ਆਇਆ ਹੈ ਕਿ ਸ੍ਰੀ ਅਖੰਡ ਪਾਠ ਦੇ ਨੇੜੇ ਹੀ ਇਕ ਕੁੰਭ (ਘੜਾ) ਪਾਣੀ ਦਾ ਭਰ ਕੇ ਰਖਿਆ ਜਾਂਦਾ ਹੈ। ਉਸ ਉਪਰ ਲਾਲ ਕਪੜਾ, ਲਾਲ ਧਾਗੇ ਨਾਲ ਬੰਨ੍ਹ ਕੇ ਕੁੰਭ ਦਾ ਮੂੰਹ ਬੰਦ ਕਰ ਦਿਤਾ ਜਾਂਦਾ ਹੈ ਅਤੇ ਉਪਰ ਇਕ ਨਾਰੇਲ ਵੀ ਟਿਕਾ ਦਿਤਾ ਜਾਂਦਾ ਹੈ। ਲਖਕ ਨੇ ਕਈ ਵਾਰੀ ਇਸ ਨੂੰ ਕੋਈ ਜਾਦੂ ਟੂਣਾ ਹੀ ਸਮਝਣਾ ਤੇ ਮਨ ਹੀ ਮਨ ਵਿਚ ਕਹਿਣਾ ਕਿ ਇਹ ਟੂਣੇ ਟਮੱਕੇ ਗੁਰੂ ਗ੍ਰੰਥ ਸਾਹਿਬ ਦੇ ਇਤਨੇ ਨੇੜ ਜਿਹੇ ਹੋਣ ਲਗ ਪਏ ਹਨ। ਬਹੁਤ ਸਾਰੇ ਗੁਰਮੁਖ ਪਿਆਰਿਆਂ ਨਾਲ ਵਿਚਾਰ ਕਰਨ ਤੋਂ ਬਾਦ ਕਿਸੇ ਸਿੱਟੇ ਤੇ ਹੁਣ ਤਕ ਨਹੀਂ ਪੁਜ ਸਕਿਆ ਕਿ ਇਹ ਕਿਉਂ ਹੁੰਦਾ ਹੈ ਅਤੇ ਕਦ ਤੋਂ ਇਹ ਮਰਯਾਦਾ ਪੰਥ ਵਿਚ ਆਈ। ਭਾਈ ਕਾਹਨ ਸਿੰਘ ਨਾਭਾ ਨੇ ਤਾਂ ਇਹ ਲਿਖ ਕੇ ਝਗੜਾ ਹੀ ਮੁਕਾ ਦਿਤਾ ਹੈ ਕਿ ਅਖੰਡ ਪਾਠ ਦੀ ਮਰਯਾਦਾ ਸਤਿਗੁਰਾਂ ਦੇ ਹਾਜ਼ਰ ਨਾਜ਼ਰ ਉਕਾ ਹੀ ਕਾਇਮ ਨਹੀਂ ਸੀ ਹੋਈ। ਉਹ ਤਾਂ ਖੋਜ ਕਰਕੇ ਇਹੋ ਹੀ ਦਸਦੇ ਹਨ ਕਿ ਇਹ ਮਰਯਾਦਾ ਬੁੱਢੇ ਦਲ ਨੇ ਚਲਾਈ। ਪਰ ਬੁੱਢੇ ਦਲ ਵਾਲੇ ਤਾਂ ਇਹ ਲਾਲ ਕਪੜੇ ਵਾਲੇ ਕੁੰਭ ਦਾ ਟੂਣਾ ਨਹੀਂ ਕਰਦੇ। ਫਿਰ ਇਹ ਕਿਥੋਂ ਚਲੀ। ਇਤਿਹਾਸ ਵਿਚ ਇਹਨਾਂ ਗਲਾਂ ਦ ਸੰਕੇਤ ਘਟ ਹੀ ਮਿਲਦੇ ਹਨ। ਅਨੁਮਾਨ ਹੈ ਕਿ ਜਦੋਂ ਬੁਢੇ ਦਲ ਦੀ ਮਰਯਾਦਾ ਨਿਰਮਲੇ ਪੰਥੀਏ ਪੁਜਾਰੀਆਂ ਹਥ ਆਈ ਤਾਂ ਉਹਨਾਂ ਨੇ ਇਹੋ ਜਿਹੇ ਸਨਾਤਨੀ ਕਾਰਜ, ਕਰਮ-ਕਾਂਡ ਦੇ ਚਕਰ ਵਿੱਚ ਸਾਨੂੰ ਪਾ ਦਿਤਾ। ਆਨਮਤੀਆਂ ਵਾਂਗ ਸਾਡੇ ਵੀ ਕਈ ਸ਼ਰਧਾਲੂ ਸਿਖ ਸਜਨ ਪ੍ਰੇਮੀ ਆਪ ਨੂੰ ਬਥੇਰੇ ਮਿਲਣਗੇ ਜੋ ਇਹੋ ਕਹਿਣਗੇ, "ਜੀ ਕੁੰਭ ਰਖਣ ਵਿੱਚ ਹਰਜ ਹੀ ਕੀ ਹੈ? ਜੀ ਕਪੜਾ ਲਾਲ ਹੋਣ ਵਿਚ ਫਰਕ ਹੀ ਕੀ ਪੈਂਦਾ ਹੈ? ਜੋ ਤੋਰਾ ਤੁਰ ਪਿਆ ਉਸ ਕਰਮ-ਕਾਂਡੀ ਚਕਰ ਨੂੰ ਠਲਣਾ ਬੜਾ ਔਖਾ ਹੁੰਦਾ ਹੈ, ਖ਼ਾਸ ਕਰਕੇ ਲੰਘਦੀ-ਪਨੀਰੀ ਲਈ (Old generation) ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜੱਥੇ ਵਿਚ ਵੀ ਕੁੰਭ ਰਖਿਆ ਜਾਂਦਾ ਹੈ, ਪਰ ਸ਼ੁਕਰ ਹੈ ਨਾਰੇਲ ਦਾ ਰਿਵਾਜ ਹੈ ਹੀ ਨਹੀਂ। ਅਤੇ ਕੁੰਭ ਤੇ ਬਜਾਏ ਲਾਲ ਕਪੜੇ ਦੇ ਸਫੇਦ ਕਪੜਾ ਹੀ ਦਿਤਾ ਜਾਂਦਾ ਹੈ। ਇਕ ਗੁਰਮੁਖ ਪਿਆਰੇ ਵੀਰ ਨਾਲ ਇਸ ਬਾਰੇ ਬਹੁਤ ਖੁਲੀ ਵੀਚਾਰ ਕੀਤੀ। ਉਹਨਾਂ ਨੇ ਇਕ ਬਹੁਤ ਹੀ ਸੁੰਦਰ ਵਿਚਾਰ ਦਿਤਾ ਕਿ ਪਾਣੀ ਨੂੰ ਪਰੰਮ ਪਰਾਗਤ ਤੌਰ ਤੇ ਇਕ ਬਹੁਤ ਹੀ ਨਰਮ ਵਸਤੂ ਮੰਨਿਆ ਗਿਆ ਹੈ ਇਸ ਤੇ ਜਾਦੂ ਟੂਣੇ ਦਾ ਬਹੁਤ ਹੀ ਛੇਤੀ ਅਸਰ ਹੋ ਜਾਂਦਾ ਹੈ। ਜੇ ਇਹ ਗਲ ਹੈ ਤਾਂ ਜਿਸ ਪਾਣੀ ਤੇ ਸਮਗਰ ਗੁਰਬਾਣੀ ਦਾ ਪਾਠ ਹੋਵੇ ਉਸ ਪਾਣੀ ਤੇ ਕਿਤਨਾ ਗੁਰਮਤਿ ਰਸਾਇਣੀ ਅਸਰ ਹੋ ਜਾਂਦਾ ਹੋਵੇਗਾ। ਇਸ ਗਲ



www.AKJ.Org

ਨੂੰ ਮੁਖ ਰਖਕੇ ਕੁੰਭ ਦਾ ਮੂੰਹ ਕੇਵਲ ਇਕ ਸਫੇਦ ਕਪੜੇ ਨਾਲ ਢਕਿਆ ਜਾਂਦਾ ਹੈ ਤਾਕਿ ਬਾਣੀ ਦੀ ਆਵਾਜ਼ ਵਿੱਚ ਪੈਂਦੀ ਰਹੇ। ਇਹ ਜਲ ਫਿਰ ਅੰਮ੍ਰਿਤ ਸੰਚਾਰ ਲਈ ਵਰਤਿਆ ਜਾਦਾ ਹੈ। ਬੜਾ ਉਤਮ ਵਿਚਾਰ ਹੈ। ਬੜੀ ਸੋਹਣੀ ਤੇ ਉਤਮ ਦਲੀਲ ਹੈ। ਪਰ ਜਿਥੇ ਕਿਤੇ ਅੰਮ੍ਰਿਤ ਸੰਚਾਰ ਨਹੀਂ ਹੋਣਾ ਕੀ ਉਥੇ ਵੀ ਇਹ ਕੁੰਭ ਦਾ ਪ੍ਰਯੋਗ ਉਚਿਤ ਹੈ? ਇਸ ਦਾ ਜਵਾਬ ਲੇਖਕ ਨਾ ਵਿੱਚ ਦੇ ਰਿਹਾ ਕਿਉਂਕਿ ਐਵੇਂ ਇਕ ਆਨ ਮਤੀ ਲੀਕ ਤੇ ਵਰੀ ਜਾਣਾ ਵੀ ਸਿਆਣਪ ਨਹੀਂ। ਅਜ ਜ਼ਮਾਨਾ ਝਟ ਪਟ ਦਾ ਹੈ, ਅਸੀਂ ਬਹੁਤ ਹੀ ਛੇਤੀ ਕਿਸੇ ਚੀਜ਼ ਨੂੰ ਮੁਕਾਉਣਾ ਚਾਹੁੰਦੇ ਹਾਂ। ਡਰ ਇਸ ਗਲ ਦਾ ਹੈ ਕਿ ਕਲ ਨੂੰ ਲੋਕੀ ਸ੍ਰੀ ਅਖੰਡ ਪਾਠ ਸੁਣਨ ਨਹੀਂ ਆਉਣਗੇ, ਵਕਤ ਦੀ ਥੁੜ ਕਾਰਣ, ਉਹ ਕੇਵਲ ਕੁੰਭ ਦਾ ਜਲ ਹੀ ਪੀਕੇ ਸ੍ਰੀ ਅਖੰਡ ਪਾਠ ਦੇ ਪਵਿਤਰ ਅੰਮ੍ਰਿਤ ਨਾਲ ਕੰਮ ਸਾਰ ਲਿਆ ਕਰਨਗੇ। ਅਜ ਆਪਣਿਆਂ ਗੁਰੂਦਵਾਰਿਆਂ ਵਲ ਝਾਤ ਮਾਰੋ, ਅੰਮ੍ਰਿਤ ਵੇਲੇ ਟਾਵਾਂ 'ਕੋਈ ਹਰਾ ਬੂਟ ਰਹਿਓਰੀ' ਵਾਲਾ ਨਜ਼ਾਰਾ ਹੁੰਦਾ ਹੈ ਅਜ ਪਾਠ ਸੁਣਨ ਲਈ ਸਮਾਂ ਦੇਣ ਵਾਲੇ ਥੋੜੇ ਹਨ। ਜਿਸਤਰਾਂ ਲੋਕੀਂ ਬਜਾਏ ਹਰੀਆਂ ਸਾਗ ਸਬਜ਼ੀਆਂ ਖਾਣ ਦੇ ਵਿਟਾਮਨ ਦੀਆਂ ਗੋਲੀਆਂ ਖਾਕੇ ਗੁਜ਼ਾਰਾ ਕਰਦੇ ਹਨ, ਇਹੋ, ਗਲ ਕੁੰਭ ਦੇ ਜਲ ਦਾ ਹੋ ਰਿਹਾ ਹੈ।

## ਲਾਊਡ ਸਪੀਕਰ

ਅਜ ਸ਼ਾਇਦ ਗੰਗਾ ਉਲਟੀ ਚਲਣ ਲਗ ਪਈ ਹੈ। ਅਗੇ ਲੋਕ ਗੁਰਦਵਾਰੇ ਬਾਣੀ ਸੁਣਨ ਲਈ, (ਕੀਰਤਨ, ਪਾਠ ਆਦਿ) ਜਾਂਦੇ ਸਨ, ਅਜ ਬਾਣੀ ਨੂੰ ਲੋਕਾਂ ਦੇ ਘਰ ਤਕ ਪਹੁੰਚਾਣੇ ਦਾ ਰਿਵਾਜ ਹੀ ਚਲ ਪਿਆ ਹੈ। ਸਵੇਰੇ ਚਾਰ ਵਜੇ ਲਾਊਡ ਸਪੀਕਰ ਰਾਹੀਂ ਸ੍ਰੀ ਸੁਖਮਨੀ ਜੀ ਦੇ, ਜਾਂ ਸ੍ਰੀ ਅਖੰਡ ਪਾਠ ਦੀ ਮਧੁਰ ਆਵਾਜ਼ ਘਰ ਘਰ ਪਈ ਜਾਂਦੀ ਹੈ। ਜੇ ਬਾਣੀ ਘਰ ਬੈਠਿਆਂ ਨੂੰ ਬਿਸਤਰੇ ਵਿੱਚ ਲੰਮੇ ਪਿਆਂ ਨੂੰ ਸੁਣੀ ਜਾਂਦੀ ਹੈ, ਤਾਂ ਸੁਵਖਤੇ ਉਠ ਕੇ, ਪਾਲੇ ਵਿਚ ਨਹਾ ਧੋ ਕੇ ਠੰਢ ਵਿੱਚ ਠਰੂ ਠਰੂ ਕਰਦੇ ਗੁਰੂਦਵਾਰੇ ਪਹੁੰਚਣ ਦੀ ਤਾਂਘ ਹੁਣ ਵਿਰਲੇ ਗੁਰਮੁਖਾਂ ਨੂੰ ਹੀ ਰਹਿ ਗਈ ਹੈ। ਅਖੰਡ ਪਾਠ ਜੋ ਗੁਰਦਵਾਰੇ ਵਿੱਚ ਹੋਰ ਪ੍ਰੋਗਰਾਮਾਂ ਲਈ ਲਾਊਡ ਸਪੀਕਰਾਂ ਦਾ ਵਰਤਨਾ ਗੁਰਬਾਣੀ ਦੇ ਸਤਿਕਾਰ ਨੂੰ ਦਿਨੋ ਦਿਨ ਘਟ ਕਰ ਰਿਹਾ ਹੈ। ਹਾਂ ਜੇ ਵਰਵਨੇ ਭੀ ਹਨ ਤਾਂ ਉਸ ਦਾ ਆਵਾਜ਼ ਗੁਰਦਵਾਰੇ ਦੇ ਹਾਲ ਦੇ ਅੰਦਰ ਹੀ ਰਹੇ। ਕੋਠੇ ਦੀਆਂ ਛਤਾਂ ਤੋਂ ਮੁਨਾਦੀ ਕਰਨ ਨਾਲ ਬਹੁਤੇ ਪ੍ਰੇਮੀ ਗੁਰਦਵਾਰੇ ਨਹੀਂ ਆਣ ਲਗੇ।

ਕਈ ਵਾਰੀ ਸ੍ਰੀ ਗੁਰੂ ਜੀ ਦੇ ਹਜ਼ੂਰ ਹੋ ਰਹੇ ਅਖੰਡ ਪਾਠ ਤੇ ਮਾਈਕ ਇਸ ਤਰਾਂ ਫਿਟ ਕੀਤਾ ਹੁੰਦਾ ਹੈ ਕਿ ਪਤਰਾ ਪਲਟਣਾ ਵੀ ਮੁਸ਼ਕਲ ਹੋ ਜਾਂਦਾ ਹੈ, ਇਹ ਬੇ ਅਦਬੀ ਦੇ ਤੁਲ ਹੈ।

## ਪਾਠੀ ਸਿੰਘਾਂ ਬਾਰੇ ਵਿਧਾਨ

ਜਿਸ ਤਰਾਂ ਉਪਰ ਦਸਿਆ ਗਿਆ ਹੈ, ਕਿ ਅਖੰਡ ਪਾਠ ਦੀ ਮਰਯਾਦਾ ਪੰਥ ਵਿੱਚ ਬਾਦ ਵਿੱਚ ਚਲੀ ਅਤੇ ਬੁਢੇ ਦਲ ਨੇ ਚਲਾਈ, ਤਾਂ ਇਹ ਸਹਿਜੇ ਹੀ ਨਤੀਜਾ ਨਿਕਲਦਾ ਹੈ ਕਿ ਪਾਠੀ ਸਿੰਘ ਤਿਆਰ ਬਰ ਤਿਆਰ ਅੰਮ੍ਰਿਤ ਧਾਰੀ ਹੀ ਹੋਇਆ ਕਰਦੇ ਸਨ। ਸਹਿਜ ਧਾਰੀਆਂ ਨੂੰ ਅਖੰਡਪਾਠੀ ਦੀ ਰੌਲ ਦੇਣੀ ਸਭ ਬਾਦ ਦੀਆਂ ਗਲਾਂ ਹਨ। ਗੁਰਪੁਰਵਾਸੀ ਸ੍ਰੀਮਾਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਪੁਸਤਕ ਅਣਡਿਠੀ ਦੁਨੀਆਂ ਵਿੱਚ ਪ੍ਰੇਤ ਉਧਾਰ ਦੇ ਪ੍ਰਕਰਣ ਵਿਚ ਸ੍ਰੀ ਅਖੰਡ ਪਾਠਾਂ ਦੇ ਦੋ ਭੋਗ ਇਸ ਲਈ ਪਾਏ ਗਏ ਕਿਉਂਕਿ ਗੈਬੀ-ਬਦ-ਰੂਹ ਨ ਪਹਿਲੇ ਸ੍ਰੀ ਅਖੰਡ ਪਾਠ ਦੇ ਪਰਵਾਨ ਨਾ ਹੋਣ ਦੀ ਸੂਚਨਾ ਦਿਤੀ। ਚੇਤੇ ਕਰਾਣ ਲਈ ਇਹ ਲਿਖਣਾ ਜ਼ਰੂਰੀ ਹੈ ਕਿ ਇਹ ਅਖੰਡਪਾਠ ਆਤਮਕ ਮੰਡਲ ਵਿੱਚ ਇਕ ਟੈਸਟ-ਕੇਸ ਸੀ। ਇਕ ਸਿੰਘ ਤੋਂ ਇਸ਼ਨਾਨ ਨਾ ਕਰਨ ਦੀ ਭੁਲ ਨੇ ਪਾਠ ਦੀ ਪਰਵਾਨਗੀ ਵਿੱਚ ਰੁਕਾਵਟ ਪਾ ਦਿਤੀ। ਇਸ ਲਈ ਭਾਈ ਸਾਹਿਬ ਦੇ ਕੀਰਤਨੀ ਜੱਥੇ ਜਿਥੇ ਕਿਤੇ ਵੀ ਸ੍ਰੀ ਅਖੰਡ



www.AKJ.Org

ਪਾਠ ਸਮਾਗਮ ਕਰਦੇ ਹਨ, ਪਾਠੀ ਸਿੰਘ ਤਿਆਰ ਬਰ ਤਿਆਰ, ਸਕੇਸ਼ ਇਸ਼ਨਾਨੀ ਨੂੰ ਹੀ ਪਾਠ ਦੀ ਰੌਲ ਤੇ ਬਿਠਾਂਉਂਦੇ ਹਨ।

ਪਾਠੀ ਆਮ ਤੌਰ ਤੇ ਪੰਜ ਹੀ ਹੁੰਦੇ ਹਨ ਪਰ ਪਰੇਮੀਆਂ ਦੀ ਬਹੁ ਗਿਣਤੀ ਹੋਣ ਕਰਕੇ ਇਸ ਦੀ ਕੋਈ ਮਿਥੀ ਹੋਈ ਗਿਣਤੀ ਦੀ ਕੋਈ ਬੰਦਸ਼ ਨਹੀਂ। ਪਾਠ ਵਿਚ ਦੋ ਗਲਾਂ ਹੋਣ, ਪਹਿਲੀ ਤਾਂ ਪਾਠ ਅਖੰਡ ਅਤੇ ਸ਼ੁਧ ਹੋਵੇ, ਦੂਜੀ ਪਾਠੀ ਪ੍ਰੇਮ ਰਸ ਨਾਲ ਅਤੇ ਇਤਨੀ ਰਫਤਾਰ ਨਾਲ ਕੀਤਾ ਜਾਏ ਕਿ ਭੋਗ ਸਮੇਂ ਸਿਰ ਪੈ ਜਾਏ। ਲੇਖਕ ਨੂੰ ਇਕ ਅਖੰਡ ਪਾਠ ਸਮਾਗਮ ਦੇ ਅਨੰਦ ਮਾਨਣ ਦਾ ਮੌਕਾ ਮਿਲਿਆ, ਸਾਰੇ ਘਰ ਦੇ ਜੀਅ ਹੀ ਰਲ ਮਿਲ ਕੇ ਪਰੇਮ ਨਾਲ ਪਾਠ ਕਰਦੇ ਰਹੇ। ਪਰ ਪਾਠ ਪਛੜ ਗਿਆ ਭਾਵ ਭੋਗ ਮਿਥੇ ਸਮੇਂ ਤੇ ਨਹੀਂ ਸੀ ਪੈਣ ਲਗਾ। ਇਸ ਲਈ ਇਕ ਅਤਿ ਤੇਜ਼ ਰਫਤਾਰ ਵਾਲਾ ਪਾਠੀ ਜੋ 80 ਸਫੇ ਫੀ ਘੰਟੇ ਦੀ ਰਫਤਾਰ ਨਾਲ ਪਾਠ ਕਰਦਾ ਸੀ, ਬਠਾਇਆ ਗਿਆ ਤਾਂਕਿ ਗੱਡੀ ਦੀ ਲੇਟ ਕੱਢੀ ਜਾਏ। ਇਥੇ ਅਸੀਂ ਭੁਲ ਕਰਦੇ ਹਾਂ। ਇਹੋ ਜਿਹੇ ਤੇਜ਼ ਰਫਤਾਰ ਇੰਜਣਾਂ ਤੋਂ ਬਚਣਾਂ ਚਾਹੀਦਾ ਹੈ ਨਹੀਂ ਤਾਂ (Accident) ਐਕਸੀਡੈਂਟ ਕਰ ਦਿੰਦੇ ਹਨ।

ਆਦਰਸ਼ਕ ਅਖੰਡ ਪਾਠੀ ਉਹ ਹਨ, ਜੋ ਅਖੰਡ ਪਾਠ ਦੇ ਨੇੜੇ ਹੀ ਬਿਸਰਾਮ ਕਰਦੇ ਹਨ, ਅਤੇ ਕੇਵਲ ਇਕੋ ਪਾਠ ਤੇ ਲਗੇ ਹੋਣ। ਥਾਂ ਥਾਂ ਪਾਠ ਦੀਆਂ ਰੌਲਾਂ ਦਣ ਜਾਣਾ, ਪ੍ਰੇਮ ਨਾਲ ਪਾਠ ਕਰਨਾ ਨਹੀਂ ਦੁਕਾਨਦਾਰੀ ਕਰਨਾ ਹੈ। ਮਾਸਟਰਾਂ ਵਾਂਗ (Tuitions) ਟਿਊਸ਼ਨਾਂ ਕਰਨਾ ਹੈ।

## ਸ੍ਰੀ ਅਖੰਡ ਪਾਠ ਦੇ ਨਾਲ ਜਪੁਜੀ ਸਾਹਿਬ ਦਾ ਅਖੰਡ ਪਾਠ

ਇਸ ਮਰਯਾਦਾ ਦਾ ਵੀ ਕੋਈ ਪਤਾ ਨਹੀਂ ਲਗਦਾ ਕਦੋਂ ਚਲੀ ਤੇ ਕਿਉਂ ਚਲੀ। ਸਾਡੀਆਂ ਇਹ ਰਵਾਇਤਾਂ ਬਰਤਾਨੀਆਂ ਦੇ ਸੰਵਿਧਾਨ ਵਾਂਗ ਅਲਿਖਤੀ (Unwritten) ਹਨ। ਕਈਆਂ ਸਿੰਘਾਂ ਨਾਲ ਇਸ ਮਰਯਾਦਾ ਦੀ ਮਹੱਤਤਾ ਬਾਰੇ ਵਿਚਾਰ ਕੀਤੀ, ਕਿ ਇਕ ਅਖੰਡ ਪਾਠ ਤਾਂ ਚਲ ਰਿਹਾ ਹੈ ਦੂਜੇ ਦੇ ਨਾਲੋ ਨਾਲ ਚਲਾਉਣ ਦੀ ਕੀ ਲੋੜ? ਉਤਰ ਇਹੋ ਹੀ ਕਿ "ਜੋ ਤੁਰੀ ਆਉਂਦੀ ਹੈ, ਮਰਯਾਦਾ, ਹੋਈ ਜਾਣ ਦਿਓ, ਬਾਣੀ ਪੜ੍ਹੇ ਦਾ ਲਾਭ ਹੀ ਹੈ।" ਇਕ ਸਿੰਘ ਨੇ ਬਹੁਤ ਸੋਹਣਾ ਸੁਝਾਅ ਦਿਤਾ ਕਿ ਸ੍ਰੀ ਜਪੁਜੀ ਸਾਹਿਬ ਦੀ ਰੌਲ ਵਾਲਾ ਪਾਠੀ ਅਸਲ ਵਿਚ ਧੂਪੀਆ ਸਿੰਘ ਹੋਇਆ ਕਰਦਾ ਸੀ ਅਤੇ ਉਸ ਦੀ ਖ਼ਾਸ ਕਰ ਕੇ ਰਾਤ ਵੇਲੇ ਦੀ ਸੇਵਾ ਬੜੀ ਮਹੱਤਤਾ ਵਾਲੀ ਹੁੰਦੀ ਸੀ। ਦਿਨੇ ਤਾਂ ਕੋਈ ਨਾ ਕੋਈ ਪ੍ਰੇਮੀ ਹਜ਼ੂਰੀ ਵਿਚ ਹੁੰਦਾ ਹੀ ਹੈ ਜੋ ਪਾਠੀ ਸਿੰਘ ਦੀ ਘੰਟੀ ਦੀ ਆਵਾਜ਼ ਸੁਣ ਕੇ ਝਟ ਪਟ ਪਾਠ ਤੇ ਬੈਠ ਸਕਦਾ ਹੈ, ਪਰ ਰਾਤ ਨੂੰ ਇਕ ਧੂਪੀਆ ਸਿੰਘ ਅਤੇ ਇਕ ਪਾਠੀ ਸਿੰਘ ਦੋ ਹੀ ਰਹਿ ਜਾਂਦੇ ਹਨ। ਧੂਪੀਆ ਸਿੰਘ ਜਾਂ ਤਾਂ ਬਾਣੀ ਸੁਣੇ, ਜਾਂ ਜਪੁਜੀ ਸਾਹਿਬ ਦਾ ਪਾਠ ਕਰੀ ਜਾਵੇ। ਕਿਸੇ ਸਮੇਂ ਆ ਕੇ ਧੂਪੀਆ ਤਾਂ ਸ਼ਾਇਦ ਸਮਾਪਤ ਕੀਤਾ ਗਿਆ ਪਰ ਜਪੁਜੀ ਸਾਹਿਬ ਦੀ ਰੌਲ ਵਾਲਾ ਸਜਨ ਹੁਣ ਪੋਥੀ ਲੈ ਕੇ ਬੈਠਣ ਲਗ ਪਿਆ ਅਤੇ ਇਕ ਹੋਰ ਅਖੰਡ ਪਾਠ ਚਲ ਪਿਆ। ਸ਼ੁਰੂ ਵਿਚ ਮਕਸਦ ਇਹ ਸੀ ਕਿ ਇਕ ਪਾਠੀ ਹੋਰ ਹਰ ਵਕਤ ਰੀਜ਼ਰਵ ਰਹਿਣਾ ਚਾਹੀਦਾ ਹੈ ਪਰ ਉਹ ਪਾਠੀ ਕੀ ਕਰੇ, ਉਤਰ ਸੀ, ਪਾਠ ਕਰੇ ਪਰ ਮਕਸਦ ਤਾਂ ਸੀ ਕਿ ਹਰ ਕਿਸਮ ਦੀ (Emergency) ਔਕੜ-ਕਾਲ ਤੇ ਸਹਾਇਤਾ ਕਰੇ। ਅਜ ਵੀ ਜੇ ਜਪੁਜੀ ਸਾਹਿਬ ਦੇ ਪਾਠ ਜਾਰੀ ਰਖਣੇ ਹਨ ਤਾਂ ਅਜਿਹੇ ਤਿਆਰ ਬਰ ਤਿਆਰ ਪਾਠੀ ਬਿਠਾਏ ਜਾਣ ਤਾਕਿ ਉਹ ਵੇਲੇ ਸਿਰ ਕੰਮ ਆਉਣ, ਨਾ ਕਿ ਭੁਝੰਗੀ ਪਾਰਟੀ ਜੋ ਇਸ ਪਾਠ ਲਈ ਮੌਕੇ ਤੇ ਭਰਤੀ ਕੀਤੀ ਜਾਂਦੀ ਸੀ। ਅਗਰ ਐਸਾ ਹੀ ਕਰਨਾ ਹੈ ਤਾਂ ਕੇਵਲ ਇਕੋ ਹੀ ਪਾਠ ਚਲਣ ਦਿਤਾ ਜਾਏ ਤੇ ਇਕੋ ਹੀ ਪਾਠ ਦੀ ਪ੍ਰੇਮ ਨਾਲ ਰੱਜ ਕੇ ਸੇਵਾ ਕਰੋ।

ਜਿਸ ਤਰ੍ਹਾਂ ਸ੍ਰੀ ਅਖੰਡ ਪਾਠ ਵਿੱਚ ਕੀਰਤਨ ਜਾਂ ਲੈਕਚਰ ਕਰਨ ਨਾਲ ਪਾਠੀ ਸਿੰਘ ਨੂੰ ਪਾਠ *



www.AKJ.Org

# ਗੁਰਮਤਿ ਅਤੇ ਵਰਣ ਆਸ਼ਰਮ ਧਰਮ–(੩)

( ਵਲੋਂ—ਪ੍ਰੋ. ਹਰਭਜਨ ਸਿੰਘ ਜੀ ਸੰਪਾਦਕ ਗੁਰਮਤਿ ਪ੍ਰਕਾਸ਼ ਅੰਮ੍ਰਿਤਸਰ )

[ ਲੜੀ ਜੋੜਨ ਲਈ ਵੇਖੋ ਜਨਵਰੀ ੧੯੬੯ ਦਾ ਪਰਚਾ ]

(ਅ) ਜਾਤਿ-ਵਰਣ ਦੇ ਖੰਡਨ ਵਿਚ ਹੇਠਾਂ ਗੁਰਬਾਣੀ ਦੇ ਕੁਝ ਕੁ ਪ੍ਰਮਾਣ ਦਿਤੇ ਜਾਂਦੇ ਹਨ, ਜਿਨ੍ਹਾਂ ਦੀ ਹੋਂਦ ਵਿਚ ਕੋਈ ਵੀ ਸਿਦਕੀ, ਸਦਾਕਤ ਪਸੰਦ, ਦੰਭ ਰਹਿਤ, ਨਿਸਕਪਟ ਸਿਖ ਜਾਤਿ ਵਰਣ ਕੀ ਉਚਤਾ ਦਾ ਢੰਡੋਰਾ ਪਿਟ ਕੇ ਗੁਰੂ ਸਿਧਾਤਾਂ ਨੂੰ ਗੰਧਲਾ ਕਰਨ ਦੇ ਨਾਪਾਕ ਯਤਨ ਕਰਨ ਦੀ ਅਵਗਿਆ ਨਹੀਂ ਕਰ ਸਕਦਾ:—

(੧) ਫਕੜ ਜਾਤੀ ਫਕੜ ਨਾਉ
ਸਭਨਾ ਜੀਆ ਇਕਾ ਛਾਉ ॥
(੨) ਜਾਤੀ ਦੇ ਕਿਆ ਹਥਿ ਸਚੁ ਪਰਖੀਐ ॥
(੩) ਜਾਣਹੁ ਜੋਤਿ ਨ ਪੂਛਹੁ ਜਾਤੀ
ਆਗੈ ਜਾਤਿ ਨ ਹੇ ॥
(੪) ਖਲੜੀ ਖਪਰੀ ਲਕੜੀ ਚਮੜੀ
ਸਿਖਾ ਸੂਤ ਧੋਤੀ ਕੀਨੀ ॥
ਤੂੰ ਸਾਹਿਬ ਹਉ ਸਾਂਗੀ ਤੇਰਾ
ਪ੍ਰਣਵੇ ਨਾਨਕੁ ਜਾਤਿ ਕੈਸੀ ॥
(੫) ਅਗੈ ਜਾਤਿ ਨ ਜੋਰ ਹੈ ਅਗੈ ਜੀਉ ਨਵੇ ॥
ਜਿਨਕੀ ਲੇਖੈ ਪਤਿ ਪਵੈ ਚੰਗੇ ਸੇਈ ਕੇ ॥
(੬) ਜਾਤਿ ਜਨਮੁ ਨਹ ਪੂਛੀਐ
ਸਚ ਘਰੁ ਲੇਹੁ ਬਤਾਇ ॥
ਸਾ ਜਾਤਿ ਸਾ ਪਤਿ ਹੈ
ਜੇਹੇ ਕਰਮ ਕਮਾਇ ॥
(੭) ਗਰਭਵਾਸ ਮਹਿ ਕੁਲੁ ਨਹੀ ਜਾਤੀ ॥

*ਕਰਨ ਵਿਚ ਅੜਿਚਨ ਹੁੰਦੀ ਹੈ ਇਸੇਤਰਾਂ ਜਪੁਜੀ ਸਾਹਿਬ ਦੇ ਅਖੰਡ ਪਾਠੀ ਨੂੰ ਵੀ ਤਾਂ ਅਟਕਨ ਪੈਦਾ ਹੋਵੇਗੀ ਜੇ ਗੁਰੂ ਮਹਾਰਾਜ ਦੀ ਤਾਬੇ ਪਾਠੀ ਸਿੰਘ ਉਚੀ ਉਚੀ ਪਾਠ ਕਰੇ। ਕੀ ਜਪੁਜੀ ਸਾਹਿਬ ਦਾ ਪਾਠ ਅਖੰਡ ਹੀ ਰਹਿੰਦਾ ਹੈ? ਤਾਂਤੇ ਇਹੋ ਗਲ ਚੰਗੀ ਪਰਤੀਤ ਹੁੰਦੀ ਹੈ ਕਿ ਇਕ ਵਕਤ ਇਕੋ ਹੀ ਅਖੰਡ ਪਾਠ ਚਲੇ।

## ਪਾਠ ਦਾ ਮਹਾਤਮ

ਪਾਠ ਦਾ ਸਰਬ ਸ੍ਰੇਸ਼ਟ ਮਹਾਤਮ ਤਾਂ ਆਤਮਕ ਉੱਨਤੀ ਹੀ ਹੋਣਾ ਚਾਹੀਦਾ ਹੈ, ਪਰ ਇਹੋ ਜਿਹੇ ਵਿਰਲੇ ਹੀ ਹੌਸਲੇ ਵੀਰ ਮਿਲਣਗੇ ਜੋ ਇਸ ਸਰੋਵਰ ਵਿਚੋਂ ਆਪਣਾ 'ਖਾਣਾ' ਲਭਦੇ ਹਨ। ਇਥੇ ਹੀ ਉਹਨਾਂ ਦਾ 'ਰਿਜ਼ਕ' ਹੈ। ਬਾਕੀ ਜਿਤਨੇ ਮਨੋਰਥਾਂ ਲਈ ਅਖੰਡ ਪਾਠ ਸੁਖੇ ਜਾਂਦੇ ਹਨ ਜਾਂ ਕਰਾਏ ਜਾਂਦੇ ਹਨ, ਉਹ ਸਭ ਇਸ ਮਹਾਨ ਗੁਰਮਤਿ ਆਸ਼ ਤੋਂ ਨੀਵੇਂ ਹਨ। 'ਮਾਗਨਾ ਮਾਗਨ ਨੀਕਾ ਹਰਿ ਜਸੁ ਗੁਰ ਤੇ ਮਾਗਨਾ' ਪਰ ਦੁਨੀਆਂ ਬੜੀ ਸਿਆਣੀ ਹੈ। ਇਹ ਹੁਕਮਨ ਸਿਰ ਹੁਕਮ ਜਾਣਦੇ ਹੋਏ ਭੀ ਕਿ 'ਵਿਣ ਤੁਧੁ ਹੋਰ ਜੇ ਮੰਗਣਾ, ਸਿਰ ਦੁਖਾਂ ਦੇ ਦੁਖ ॥ ਦੇਹੁ ਨਾਮ ਸੰਤੋਖੀਆ ਉਤਰੇ ਮਨ ਕੀ ਭੁਖ ॥' ਫਿਰ ਭੀ ਅਸੀਂ ਗੁਰਬਾਣੀ ਵਿਚੋਂ ਇਕ ਹੋਰ ਤੁਕ ਦਾ ਆਸਰਾ ਤਕ ਕੇ ਆਪਣੇ ਸੁਆਰਥ ਸਿਧੀ ਲਈ ਸ੍ਰੀ ਅਖੰਡ ਪਾਠ ਕਰਦੇ ਕਰਾਉਂਦੇ ਹਾਂ।

"ਬਾਰਕ ਵਾਂਗੀ ਹਉ ਸਭ ਕਿਛ ਮੰਗਾ ॥
ਦੇਂਦੇ ਤੋਟ ਨਹੀ ਪ੍ਰਭ ਰੰਗਾ ॥"

—੦—



www.AKJ.Org

ਬ੍ਰਹਮ ਬਿੰਦ ਤੇ ਸਭ ਉਤਪਾਤੀ ॥੧॥
ਕਹੁ ਰੇ ਪੰਡਿਤ ਬਾਮਨ ਕਬ ਕੇ ਹੋਇ ॥
ਬਾਮਨ ਕਹਿ ਕਹਿ ਜਨਮੁ ਮਤ ਖੋਇ ॥੧॥
॥ ਰਹਾਉ ॥
ਜੌ ਤੂੰ ਬ੍ਰਾਹਮਨ ਬ੍ਰਹਮਣੀ ਜਾਇਆ ॥
ਤਉ ਆਨ ਬਾਟ ਕਾਹੇ ਨਹੀ ਆਇਆ ।
ਤੁਮ ਕਤ ਬ੍ਰਾਹਮਨ ਹਮ ਕਤ ਸੂਦ ॥
ਹਮ ਕਤ ਲੋਹੂ ਤੁਮ ਕਤ ਦੂਧ ॥
ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥
ਸੋ ਬ੍ਰਾਹਮਣ ਕਹੀਅਤੁ ਹੈ ਹਮਾਰੈ ॥

(੮) ਚਾਰੇ ਵਰਨ ਆਖੈ ਸਭ ਕੋਈ ॥
ਬ੍ਰਹਮ ਬਿੰਦ ਤੇ ਸਭ ਓਪਤਿ ਹੋਈ ॥
ਮਾਟੀ ਏਕ ਸਗਲ ਸੰਸਾਰਾ ॥
ਬਹੁ ਬਿਧਿ ਭਾਂਡੇ ਘੜੈ ਕੁਮਾਰਾ ॥

(੯) ਹਿੰਦੂ ਤੁਰਕ ਕੋਊ ਰਾਫ਼ਜ਼ੀ ਇਮਾਮ ਸਾਫੀ
ਮਾਨੁਸ ਕੀ ਜਾਤਿ ਸਬੈ ਏਕੈ ਪਹਿਚਾਨਬੋ ॥

(੧੦) ਏਕੇ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖਾਕ ਬਾਦ ਆਤਿਸ਼ ਔ ਆਬ ਕੋ ਰਲਾਵ ਹੈ ॥

(੧੧) ਨਮਸਤੰ ਅਜਾਤੇ । ਨਮਸਤੰ ਅਪਾਤੇ ।

(੧੨) ਨਮਸਤੰ ਅਬਰਨੇ । ਨਮਸਤੰ ਅਮਰਨੇ ।

(੧੩) ਨਾਮ ਠਾਮ ਨ ਜਾਤਿ ਜਾਕਰ ਰੂਪ ਰੰਗ ਨ ਰੇਖ।

(੨੪) ਨ ਤਾਤੇ ਨ ਮਾਤੇ । ਨ ਜਾਤੇ ਨ ਪਾਤੇ ।

ਉਪਰੋਕਤ ਪ੍ਰਮਾਣਾਂ ਨੇ ਖੋਜੀ ਤੇ ਹਕੀਕਤ ਦੇ ਮੁਤਲਾਸ਼ੀ ਜਗਿਆਸੂ ਦੇ ਦਿਲ ਅੰਦਰ ਕਿਸੇ ਪ੍ਰਕਾਰ ਦਾ ਸੰਦੇਹ ਨਹੀਂ ਰਹਿਣ ਦਿਤਾ ਜਾਵੇਗਾ ਕਿ ਸਿਖ ਗੁਰੂ ਸਾਹਿਬਾਨ ਅਤੇ ਭਗਤਾਂ ਨੇ ਯਜੁਰ ਵੇਦ ਦੇ ਅਧਯਾਯ ੩੧, ਮੰਤ੍ਰ ੧੧—'ਬਹਮਣੋ ਅਸਯ ਮੁਖਮਾਸ਼ੀਦ ਬਾਹੁ ਰਾਜਨਯ : ਕ੍ਰਿਤ : ਉਰੂ ਤਦਸਯ ਯਦ੍ਵੈ ਸਯ, ਪਦਭਯਗੂੰ ਸੂਦਰੋ ਅਜਾਯਤ।'

ਭਾਵਾਰਥ—ਬ੍ਰਾਹਮਣ ਈਸ਼ਵਰ ਦੇ ਮੂੰਹ ਥੀਂ, ਖਸ਼ਤ੍ਰੀ ਬਾਹਾਂ ਥੀਂ, ਵੈਸ਼ਯ ਪਟਾਂ ਥੀਂ ਅਤੇ ਸੂਦਰ ਪੈਰਾਂ ਤੋਂ ਉਤਪੰਨ ਹੋਏ। (ਅਰਥਾਤ ਬ੍ਰਾਹਮਣ, ਖਸ਼ਤਰੀ, ਵੈਸ਼ਯ ਅਤੇ ਸ਼ੂਦਰ—ਏਹ ਚਾਰ ਵਰਣ ਹਨ) ਅਤੇ ਮਨੂੰ ਸਿਮ੍ਰਤੀ ਆਦਿ ਹਿੰਦੂ ਗ੍ਰੰਥਾਂ ਵਿਚ ਪ੍ਰਭੂ-ਪੁਤਰ ਤੇ ਜੋਤ-ਸਰੂਪ ਇਨਸਾਨ ਨੂੰ ਲੀਰੋ ਲੀਰ ਕਰਨ ਅਤੇ ਨਫ਼ਰਤ ਤੇ ਅਤਿਆਚਾਰ ਦਾ ਜ਼ਹਿਰੀਲਾ ਬੀਜ, ਬੀਜ ਕੇ ਮਨੁਖਤਾ ਦੇ ਮਥੇ ਉਤੇ ਕਲੰਕ ਦਾ ਟਿੱਕਾ ਲਾਉਣ ਦਾ ਜੋ ਅਪ੍ਰਸੰਸਕ ਯਤਨ ਕੀਤਾ ਗਿਆ ਸੀ ਅਤੇ ਜਿਸ ਦੇ ਫਲ ਸਰੂਪ ਰਿਸ਼ੀਆਂ, ਮੁਨੀਆਂ ਤੇ ਅਵਤਾਰਾਂ ਦੀ ਇਹ ਪੁਨ ਭੂਮੀ ਨੇ ਦਰਿਦ੍ਰਤਾ ਤੇ ਪ੍ਰਾਧੀਨਤਾ ਜਿਹੇ ਕੁੰਭੀ ਨਰਕ ਦਾ ਵਿਕਰਾਲ ਰੂਪ ਧਾਰ ਰਖਿਆ ਸੀ—ਦੇ ਵਿਰੁਧ ਇਕ ਸੋਚੀ ਸਮਝੀ ਕਲਿਆਣਕਾਰੀ ਤੇ ਦਲੇਰਾਨਾ ਬਗਾਵਤ ਕੀਤੀ ਸੀ। ਸਤਿਗੁਰਾਂ ਦੇ ਸਰਲ, ਸਾਦੇ ਭਾਵਪੂਰਤ ਅਤੇ ਸਦੀਵੀ ਸਚਾਈਆਂ-ਭਰਪੂਰ ਅੰਮ੍ਰਿਤ ਉਪਦੇਸ਼ਾਂ ਦੇ ਗੁਲਦਸਤੇ ਵਿਚੋਂ ਜੇ 'ਮਨੁਖੀ ਸਮਾਨਤਾ' ਦੇ ਹੱਕੀ ਨਾਅਰੇ ਦਾ ਟਹਿਕਦਾ ਫੁੱਲ ਕੱਢ ਦੇਈਏ ਤਾਂ ਇਹ ਦੈਵੀ ਗੁਲਦਸਤਾ ਤੁਰਤ ਕਮਲਾ ਕੇ ਰੂਪ ਰੰਗ ਤੇ ਸੁਗੰਧੀ ਹੀਨ ਹੋ ਜਾਵੇਗਾ ਅਤੇ ਆਪਣੀ ਹੋਂਦ ਦਾ ਪ੍ਰਯੋਜਨ ਹੀ ਗਵਾ ਬੈਠੇਗਾ।

ਜਾਤਿ-ਵਰਣ ਦੇ ਹਾਮੀ ਨਾ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਹੀ ਵਿਕੋਲਿਤ੍ਰੇ ਪ੍ਰਮਾਣ ਦੇ ਦੇ ਅਤੇ ਖਿਚ ਧਰ ਕੇ ਆਪਣੇ ਮਤਲਬ ਦੇ ਅਰਥ ਕਰ ਕੇ ਭੋਲੇ ਪਾਠਕ ਨੂੰ ਟਪਲਾ ਲਾਉਣ ਦਾ ਯਤਨ ਕਰਦੇ ਹਨ ਸਗੋਂ ਭਾਈ ਗੁਰਦਾਸ ਜੀ ਦੀ ਬਾਣੀ ਅਤੇ ਇਤਿਹਾਸਕ ਗ੍ਰੰਥਾਂ ਵਿਚੋਂ ਵੀ ਇਕ ਅੱਧਾ ਹਵਾਲਾ ਦੇ ਕੇ ਚੂਹੇ ਦੇ ਸੁੰਢ ਦੀ ਗੰਢੀ ਪ੍ਰਾਪਤ ਕਰਕੇ ਪਨਸਾਰੀ ਬਣਨ ਵਾਲੀ ਹਮਾਕਤ ਕਰਦੇ ਹਨ। ਪਾਠਕਾਂ ਦੀ ਗਿਆਤ ਅਤੇ ਆਪਣੇ ਆਪ ਨਿਰਣਾ ਕਰਨ ਲਈ ਅਸੀਂ ਉਪ੍ਰੋਕਤ ਗ੍ਰੰਥਾਂ ਵਿਚੋਂ ਵਰਣ ਆਸ਼ਰਮ ਦੇ ਖੰਡਨ ਵਿਚ ਵੰਨਗੀ ਮਾਤ੍ਰ ਕੁਝ ਕੁ ਪ੍ਰਮਾਣ ਪੇਸ਼ ਕਰਦੇ ਹਾਂ।

( ੨ )

(੧) ਚਾਰ ਵਰਨ ਸਤਿਸੰਗ ਗੁਰਮੁਖਿ ਮੇਲਿਆ।

(੨) ਗੁਰਮੁਖਿ ਵਰਨ ਅਵਰਨ ਹੋਇ
ਰੰਗ ਸੁਰੰਗੁ ਤੰਬੋਲ ਪਰਚੇ।

(੩) ਚਾਰਿ ਵਰਨਿ ਛਿਅ ਦਰਸਨਾ
ਬਾਰਹ ਵਾਟ ਭਵੈ ਸਭੁ ਲੋਈ ॥



www.AKJ.Org

(ਪ੍ਰੰਤੂ) ਗੁਰਮੁਖਿ ਦਰਸਨੁ ਸਾਧ ਸੰਗੁ
ਗੁਰਮੁਖਿ ਮਾਰਗਿ ਦੁਬਿਧਾ ਖੋਈ ॥

(੪) ਸਾਧ ਸੰਗਤਿ ਸਚੁ ਖੰਡ ਹੈ
ਭਾਉ ਭਗਤਿ ਅਭਿਆਸੀ ॥
ਚਹੁ ਵਰਨਾ ਉਪਦੇਸ ਕਰਿ
ਗੁਰਮਤਿ ਪਰਗਾਸੀ ॥

(ਸਾਧ ਸੰਗਤ ਹੀ ਸਚ ਖੰਡ ਹੈ ਜਿਥੇ ਚਹੁੰ ਵਰਨਾਂ ਨੂੰ (ਮਨੁਖ ਮਾਤ੍ਰ ਨੂੰ ਜਾਤ ਭੇਦ ਛਡ ਕੇ) ਉਪਦੇਸ ਨਾਲ ਗੁਰਮਤ ਦਾ ਪਰਕਾਸ ਹੁੰਦਾ ਹੈ।)

(੫) ਚਾਰਿ ਵਰਨ ਸੰਸਾਰ ਵਿਚਿ
ਖਹਿ ਖਹਿ ਮਰਦੇ ਭਰਮਿ ਭਰਾਤੀ ॥
ਛਿਅ ਦਰਸਨ ਹੋਇ ਵਰਤਿਆ
ਬਾਰਹ ਵਾਟ ਉਚਾਟ ਜਮਾਤੀ ॥
(ਪ੍ਰੰਤੂ) ਗੁਰਮੁਖਿ ਵਰਨ ਅਵਰਨ ਹੋਇ
ਰੰਗੁ ਸੁਰੰਗੁ ਤੰਬੋਲ ਸੁਹਾਤੀ ॥

(੬) ਨਿਰੰਕਾਰੁ ਆਕਾਰੁ ਕਰਿ
ਜੋਤਿ ਸਰੂਪ ਅਨੂਪ ਦਿਖਾਇਆ।
ਬੇਦ ਕਤੇਬ ਅਗੋਚਰਾ
ਵਾਹਿਗੁਰੂ ਗੁਰ ਸਬਦ ਸੁਣਾਇਆ।
ਚਾਰਿ ਵਰਨ ਚਾਰ ਮਜ਼ਹਬਾ,
ਚਰਣ ਕੰਵਲ ਸਰਣਾਗਤ ਆਇਆ।

(੭) ਨਿਰੰਕਾਰ ਆਕਾਰ ਕਰਿ,
ਗੁਰ ਮੂਰਤਿ ਹੋਇ ਧਿਆਨੁ ਧਰਾਇਆ।
ਚਾਰ ਵਰਨ ਗੁਰ ਸਿਖ ਕਰਿ,
ਸਾਧ ਸੰਗਤਿ ਸਚ ਖੰਡ ਵਸਾਇਆ।
ਵੇਦ ਕਤੇਬਹੁ ਬਾਹਰਾ,
ਅਕਥ ਕਥਾ ਗੁਰ ਸਬਦ ਸੁਣਾਇਆ।

(੮) ਚਾਰਿ ਵਰਨਿ ਇਕ ਵਰਨਿ ਕਰਿ
ਵਰਨ ਅਵਰਨ ਸਾਧ ਸੰਗੁ ਜਾਪੈ।

ਚਾਰ ਵਰਣ (ਖਤ੍ਰੀ ਬ੍ਰਾਹਮਣ, ਸੂਦ, ਵੈਸ਼) ਦਾ ਇਕ ਵਰਣ ਕਰਕੇ, ਅਤੇ ਭਾਵੇਂ ਇਹਨਾਂ ਵਰਨਾਂ ਤੋਂ ਕੋਈ ਬਾਹਰ ਹੋਵੇ ਸਤਿਗੁਰ ਦੀ ਸੰਗਤ ਵਿਚ ਸਾਧ ਸੰਗਤ ਹੀ ਜਾਣੀਦੇ ਹਨ, ਕੋਈ ਵਿਤਕਰਾ ਨਹੀਂ।

(੯) ਸਬਦਿ ਜਿਤੀ ਸਿਧ ਮੰਡਲੀ
ਕੀਤੋਸੁ ਅਪਣਾ ਪੰਥ ਨਿਰਾਲਾ ॥

(੧੦) ਮਾਰਿਆ ਸਿੱਕਾ ਜਗਤਿ ਵਿਚਿ
ਨਾਨਕ ਨਿਰਮਲ ਪੰਥ ਚਲਾਇਆ ॥

(੧੧) ਚਾਰਿ ਵਰਨ ਇਕ ਵਰਨ ਹੋਇ
ਸਾਧ ਸੰਗਤਿ ਮਿਲਿ ਹੋਇ ਤਰਾਬਾ।
ਚੰਦਨੁਵਾਸੁ ਵਣਾਸਪਤਿ
ਅਵਲਿ ਦੋਮ ਨ ਸੇਮ ਖਰਾਬਾ।
ਜ਼ਾਹਰ ਪੀਰ ਜਗਤੁ ਗੁਰ ਬਾਬਾ।

(੧੨) ਚਾਰਿ ਵਰਨ ਇਕ ਵਰਨ ਹੋਇ
ਗੁਰਸਿਖ ਵੜੀਅਨ ਗੁਰਮੁਖਿ ਗੋਤੇ।

(ਚਾਰ ਵਰਣਾਂ ਦੇ ਇਕ ਵਰਣ ਹੋ ਕੇ ਕੇਵਲ ਗੁਰਮੁਖਿ ਸਿਖ ਵਾਲੀ ਸਮਾਨ ਗੋਤਵਾਲੇ ਹੋ ਜਾਂਦੇ ਹਨ, ਭਾਵ ਪਿਛਲੀ ਅਖੋਤੀ ਜਾਤਿ ਗੋਤ ਮਿਟ ਜਾਂਦੀ ਹੈ।

(੩)

ਹੁਣ ਇਕ ਦੋ ਪ੍ਰਮਾਣ ਵਾਚੋ ਗੁਰ ਪ੍ਰਤਾਪ ਸੂਰਜ ਵਿਚੋਂ:—

(੧) ਬਡੇ ਲਘੁ ਕੋ ਭੇਦ ਨਹਿ ਸਿਖਿਆ ਲੇਵੇ ਸਿਖ।
ਵਰਣ ਜਾਤਿ ਕੋ ਦੂਰ ਧਰ
ਐਸੋ ਸਿਖ ਸੁਲਖ।

(੨) ਜ਼ਾਤਿ ਵਰਣ ਕੀ ਕਾਣ ਤਜਿ
ਮਿਲੇ ਖਾਲਸੇ ਸੰਗ।
ਗੁਰਬਾਣੀ ਸੇ ਪਰੇਮ ਕਰਿ
ਮਨ ਰਪ ਗੂੜ੍ਹਾ ਰੰਗ।

(੪)

ਕੁਝ ਪ੍ਰਮਾਣ ਰਹਿਤਨਾਮਿਆਂ ਵਿਚੋਂ:—

(੧) ਖਾਲਸਾ ਹਿੰਦੂ ਮੁਸਲਮਾਨ ਤੇ ਨਿਆਰਾ ਰਹੇ।
(ਰਹਿਤਨਾਮਾ ਭਾਈ ਚੌਪਾ ਸਿੰਘ)

(੨) ਖਾਲਸਾ ਹਿੰਦੂ ਮੁਸਲਮਾਨ ਕੀ ਕਾਣ ਕੋ ਮੇਟੇ
(ਰਹਿਤਨਾਮਾ ਭਾ: ਦਯਾ ਸਿੰਘ)



www.AKJ.Org

(੫)

ਭਾ: ਮਨੀ ਸਿੰਘ ਜੀ ਗਿਆਨ ਰਤਨਾਵਲੀ ਵਿੱਚ ਲਿਖਦੇ ਹਨ:—

ਬਾਬੇ ਨੂੰ ਹਾਜੀਆਂ ਪੁਛਿਆ,
'ਹੇ ਫਕੀਰ ਤੂੰ ਹਿੰਦੂ ਹੈ ਕਿ ਮੁਸਲਮਾਨ ?
ਤਾਂ ਬਾਬਾ ਬੋਲਿਆ,
'ਮੈਂ ਹਿੰਦੂ ਮੁਸਲਮਾਨ ਦੋਹਾਂ ਦਾ ਗਵਾਹ ਹਾਂ।

(੬)

(੧) ਪੁਨ ਹਿੰਦੂ ਤੁਰਕਨ ਤੇ ਨਿਆਰਾ।
ਰਚੋਂ ਪੰਥ ਯੇਹ ਬਲੀ ਅਬਾਰਾ(ਪੰਥ ਪ੍ਰਕਾਸ਼)

(੨) 'ਪੰਥ ਪ੍ਰਕਾਸ਼' ਵਿਚੋਂ ਇਤਿਹਾਸਕ ਪ੍ਰਸੰਗ ਅਧਿਆਇ ੮੫ (ਨਾਦਰ ਸ਼ਾਹ ਨੂੰ ਲਾਹੌਰ ਦੇ ਸੂਬੇ ਜ਼ਕਰੀਆ ਖਾਨ ਨੇ ਸਿੰਘਾਂ ਬਾਬਤ ਦਸਿਆ) ਵੇਖੋ ਖਾਲਸੇ ਨੂੰ ਕਿਵੇਂ ਨਿਆਰਾ ਤੇ ਸਵਤੰਤ੍ਰ ਪੰਥ ਬਿਆਨਿਆ ਹੈ।)

## ਹਿੰਦੂ ਤੁਰਕਨ ਤੇ ਹੈ ਨਿਆਰਾ

ਫ਼ਿਰਕਾ ਇਨਕਾ ਅਪਰ ਅਪਾਰਾ।
ਬਯਾਹ, ਨਿਕਾਹ ਨ ਏਹ ਕਰੈ ਹੈਂ।
ਭੁਗਤ ਅਨੰਦ 'ਆਨੰਦ ਪੜੈ ਹੈਂ।
ਸਿੰਘ ਸਿੰਘਣੀ ਜੋ ਮਰ ਜੈ ਹੈਂ।
ਬਾਟਤ ਹਲਵਾ ਤੁਰਤ ਬਨੈ ਹੈਂ।
ਕਿਰਿਆ ਕਰਮ ਕਰਾਵਤ ਨਾਹੀਂ।
ਹੱਡੀ ਪਾਂਯ ਨ ਗੰਗਾ ਮਾਹੀਂ।
ਕਰਤ ਦਸਹਿਰਾ ਗ੍ਰੰਥ ਪੜ੍ਹਾਵਤ।
ਆਸਨ ਬਸਨ ਗ੍ਰੀਬਨ ਕੋ ਦਯਾਵਤ।
ਕੰਠੀ ਜੰਝੂ ਤਿਲਕ ਨ ਧਰ ਹੈ।
ਬੁਤ ਪ੍ਰਸਤੀ ਕਦੇ ਨ ਕਰ ਹੈ।
ਏਕ ਰਬ ਕੀ ਕਰਤ ਬੰਦਗੀ।
ਰਖਤ ਨ ਔਰਨ ਕੀ ਮੁਛੰਦਗੀ।
ਵੇਦ ਪੁਰਾਨ ਨ ਕਤੇਬ ਕੁਰਾਨ।
ਪੜ੍ਹਤ ਸੁਨਤ ਨਹਿ ਮਾਨਤ ਕਾਨ।
ਗੁਰੂ ਨਾਨਕ ਜੋ ਕਥੀ ਕਲਾਮ।
ਤਾਂ ਪਰ ਰਖਤ ਇਮਾਨ ਤਮਾਮ।...
ਇਕ ਹੀ ਬਰਤਨਮੈ ਸਭ ਕਾਹੂ।
ਆਬ ਹਯਾਤ ਪਿਲਾਵਤ ਤਾਂ ਹੂੰ।
ਖਾਣਾ ਭੀ ਇਕਠੇ ਸਭ ਖੈ ਹੈਂ।
ਸਕੇ ਬੀਰ ਆਪਸ ਮੈਂ ਵੈ ਹੈਂ।
ਜਾਤਿ ਗੋਤ ਕੁਲ ਕਿਰਿਆ ਨਾਮ।
ਕਰਮ ਧਰਮ ਮਿਤ ਮਾਤਾ ਕਾਮ।
ਪਿਛਲੇ ਜੋ ਤਜ ਦੇਤ ਤਮਾਸ।
... ... ... ... ... ... ... ...
ਗੰਗਾਦਿਕ ਤੀਰਥ ਨਹਿ ਜਾਵੈਂ।
ਸੂਤਕ ਪਾਤਕ ਨਾਹਿ ਮਨਾਵੈਂ।
ਜੰਞੂ ਤਿਲਕ ਨ ਛਾਪਾ ਧਾਰੈਂ।
ਸ਼ਰ੍ਹਾ ਹਿੰਦੂਆਂ ਕੀ ਨਹਿ ਪਾਰੈਂ।
ਬੋਦੀ ਧੋਤੀ ਤੁਲਸੀ ਮਾਲੈਂ।
ਹੋਮ ਸਰਾਧ ਨ ਖਯਾਹ ਸੰਭਾਲੈਂ।
ਮਾਨਤ ਹੈਂ ਨਿਜ ਮਜ਼ਹਬ ਚੰਗੇਰਾ।
ਹਿੰਦੂ ਕਹੇ ਤੇ ਖਿੱਝਤ ਵਧੇਰਾ।
ਰੀਤ ਹਿੰਦੂਆਂ ਵਾਜੀ ਜੇਤੀ।
ਤਜ ਰਾਖੀ ਇਨ ਸਭ ਬਿਧੁ ਤੇਤੀ।......
ਹੈ ਇਨ ਮੈਂ ਇਤਫ਼ਾਕ ਮਹਾਨ।
ਸਿਖ, ਸਿਖ ਪੈ ਵਾਰਤ ਜਾਨ।

(੭)

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਖਣ ਨੂੰ ਜਾਂਦੇ ਹੋਏ ਜਦੋਂ ਪੁਸ਼ਕਰ ਪਹੁੰਚੇ ਤਾਂ ਉਥੇ ਹੋਇਆ ਪ੍ਰਸ਼ਨੋਤਰ ਵੀ ਵੀਚਾਰਨ ਯੋਗ ਹੈ:—

ਪ੍ਰਸ਼ਨ—'ਸੰਗ ਆਪ ਕੇ ਕੇਸਨ ਧਾਰੀ।
ਕਥਾ ਇਨ ਕੀ ਦਿਹੁ ਜਾਤਿ ਉਚਾਰੀ।
ਬੂਝਤ ਹੈਂ ਲਖ ਬੇਸ ਨਵੀਨ।
ਹਿੰਦੂ ਤੁਰਕ ਇਮ ਕਿਨਹੂ ਨ ਕੀਨ ॥੮੩॥

ਉਤਰ—ਸੁਨ ਕਰ ਗੁਰ ਫ਼ੁਰਮਾਨ ਕੀਆ।
ਭਯੋ ਖਾਲਸਾ ਜਗ ਮਹਿ ਤੀਆ।
ਹਿੰਦੂ ਤੁਰਕ ਦੁਹਾਂ ਤੇ ਨਿਆਰੋ।
ਸ੍ਰੀ ਅਕਾਲ ਕੋ ਦਾਸ ਵਿਚਾਰੋ
(ਗੁਰਪ੍ਰਤਾਪ ਸੂਰਯ, ਐਨ ੧, ਅੰਸ਼ ੩੫)

ਏਸੇ ਤਰਾਂ ਬਾਦਸ਼ਾਹ ਬਹਾਦਰ ਸ਼ਾਹ ਨਾਲ ਸ੍ਰੀ ਦਸਮੇਸ਼ ਜੀ ਦੇ ਹੋਏ ਪ੍ਰਸ਼ਨੋਤਰ ਸਾਨੂੰ



www.AKJ.Org

ਇਸ ਵਿਸ਼ੇ ਸੰਬੰਧੀ ਸੇਧ ਦਿੰਦੇ ਹਨ:—

ਪ੍ਰਸ਼ਨ—ਰਾਹ ਦੋਇ, ਕੋ ਤੁਮ ਕੋ ਭਯੋ।......
ਕਿਸ ਮਗ ਕੋ ਇਤਕਾਦ ਰਖੰਤੇ।
ਹਿੰਦੂ ਕਿ ਤੁਰਕ ਯਥਾ ਬਰਤੰਤੇ ?
ਉਤਰ—ਸੁਣ ਸਾਹਿਬ ਸ੍ਰੀ ਮਖ ਫਰਮਾਯੋ।
ਹਿੰਦੂ ਤੁਰਕ ਚਲਤ ਜਿਸ ਭਾਯੋ।—੭
ਖੈਰ ਖ੍ਵਾਹ ਹਮ ਦੋਨੋ ਕੇਰ।
ਦੋ ਉਪਦੇਸ਼ ਯਥਾ ਹਿਤ ਹੇਰ—੮
ਦੋਨੋ ਮੇਂ ਇਕ, ਬਾਦ ਨ ਕਈ।
ਹਮਰੋ ਪੰਥ ਸਮਝਯੋ ਸੋਈ—੧੬

(੮)

ਡਾਕਟਰ ਭਾਈ ਜੋਧ ਸਿੰਘ ਜੀ ਆਪਣੀ ਪੁਸਤਕ-ਗੁਰੂ ਨਾਨਕ ਸਿਮਰਤੀ ਵਿਆਖਿਆਨ' ਦੇ ਪੰਨਾ ਪ੮ ਉਤੇ 'ਵਰਣ ਆਸ਼ਰਮ ਧਰਮ ਦੇ ਸਿਰਲੇਖ ਹੇਠ ਲਿਖਦੇ ਹਨ।

'ਇਕ ਹੋਰ ਸਿਧਾਂਤ (ਜਿਸ) ਸੰਬੰਧੀ ਪੁਰਾਣੇ ਭਾਰਤੀ ਚਿੰਤਕਾਂ ਅਤੇ ਗੁਰੂ ਨਾਨਕ ਦੇਵ ਜੀ ਦਾ ਬਹੁਤ ਮਤ ਭੇਦ ਹੈ,ਉਹ ਵਰਣ ਆਸ਼ਰਮ ਹੈ। ਵਰਣਾ ਦੀ ਵੰਡ ਵੇਦਕ ਕਾਲ ਤੋਂ ਆਰੰਭ ਹੋ ਗਈ ਸੀ। ਪਰੰਤੂ ਉਸ ਸਮੇਂ ਵਰਣ ਬਦਲਣ ਦੀ ਵੀ ਖੁਲ੍ਹ ਸੀ। ਹਰ ਇਕ ਵਿਅਕਤੀ ਕਿਸੇ ਇਕ ਵਰਣ ਦਾ ਧਰਮ ਆਪਣੀ ਮਰਜ਼ੀ ਅਨੁਸਾਰ ਅਪਨਾ ਸਕਦਾ ਸੀ। ਕੁਝ ਸਮਾਂ ਲੰਘਣ ਤੇ ਵਰਣ ਜਨਮ ਤੋਂ ਹੀ ਨਿਸਚਿਤ ਹੋਣ ਲਗ ਪਿਆ ਅਤੇ ਮਨੂ ਜੀ ਨੇ ਇਸ ਵੀਚਾਰ ਨੂੰ ਪੱਕਾ ਕਰ ਦਿਤਾ।......... ਭਾਵੇਂ ਜਿਸ ਵੇਲੇ ਇਹ ਅਵਸਥਾ ਚਲਾਈ ਗਈ ਸੀ ਉਸ ਵੇਲੇ ਇਸ ਦਾ ਕੋਈ ਲਾਭ ਹੋਵੇ, ਹੁਣ ਵਰਣ ਜਾਤਾਂ ਪਾਤਾਂ ਵਿਚ ਵੰਡੇ ਜਾ ਕੇ ਬਹੁਤ ਹਾਨੀਕਾਰਕ ਹੋ ਗਏ ਸਨ। ਹਿੰਦੂ ਸਮਾਜ ਵਿਚ ਯਕਜਹਿਤੀ ਇਸ ਵੰਡ ਨੇ ਅਸੰਭਵ ਬਣਾ ਦਿਤੀ ਸੀ। ਗੁਰੂ ਨਾਨਕ ਦੇਵ ਜੀ ਨੇ ਕਹਿਆ ਕਿ ਸਭ ਮਨੁੱਖ ਇਕ ਨਿਰੰਕਾਰ ਦੀ ਸਿਰਜਣਾ ਹਨ, ਉਨ੍ਹਾਂ ਵਿਚ ਨੀਵਾਂ ਉੱਚਾ ਕੋਈ ਨਹੀਂ।

(੯)

(ੳ) ਪਰਮ ਤੱਤ ਕਿਨਹੂੰ ਨ ਪਛਾਨਾ।
ਆਪ ਆਪ ਭੀਤਰਿ ਉਰਝਾਨਾ।
ਤਬ ਜੇ ਜੇ ਰਿਖਰਾਜ ਬਨਾਏ।
ਤਿਨ ਆਪਨ ਪੁਨ ਸਿੰਮ੍ਰਿਤ ਚਲਾਏ।੧੭।
ਜੇ ਸਿੰਮ੍ਰਿਤਨ ਕੇ ਭਏ ਅਨੁਰਾਗੀ।
ਤਿਨ ਤਿਨ ਕ੍ਰਿਆ ਬ੍ਰਹਮ ਕੀ ਤਿਆਗੀ।
ਜਿਨ ਮਨ ਹਰਿ ਚਰਨਨ ਠਹਿਰਾਯੋ।
ਸੋ ਸਿੰਮ੍ਰਿਤਨ ਕੇ ਰਾਹ ਨ ਆਯੋ।੧੮।
ਬ੍ਰਹਮਾ ਚਾਰ ਬੇਦ ਹੀ ਬਨਾਇ।
ਸਰਬ ਲੋਕ ਤਿਹ ਕਰਮ ਚਲਾਏ।
ਜਿਨ ਕੀ ਲਿਵ ਹਰ ਚਰਨਨ ਲਾਗੀ।
ਤੇ ਬੇਦਨ ਤੇ ਭਏ ਤਿਆਗੀ।੧੯।
ਜਿਨ ਮਤ ਬੇਦ ਕਤੇਬਨ ਤਿਆਗੀ।
ਪਾਰਬ੍ਰਹਮ ਕੇ ਭਏ ਅਨੁਰਾਗੀ।
(ਨਰਾਜ ਛੰਦ, ਬਚਿਤ੍ਰ ਨਾਟਕ)

(ਅ) ਅਕਾਲ ਪੁਰਖ ਬਾਚ। ਚੌਪਈ—
ਮੈਂ ਅਪਨਾ ਸੁਤ ਤੋਹਿ ਨਿਵਾਜਾ।
ਪੰਥ ਪ੍ਰਚੁਰ ਕਰਬੇ ਕੋ ਸਾਜਾ।੨੯।
(ਨਰਾਜ ਛੰਦ, ਬਚਿਤ੍ਰ ਨਾਟਕ)

(ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਚਲਾਏ 'ਨਿਰਮਲ' ਤੇ 'ਨਿਰਾਲੇ' ਪੰਥ ਦਾ ਅਗੇ ਪ੍ਰਚਾਰ ਕਰਨਾ ਤੇ ਇਸ ਨੂੰ ਸਦਾ ਲਈ ਪੱਕੀਆਂ ਲੀਹਾਂ ਉਤੇ ਤੋਰਨਾ ਸ੍ਰੀ ਦਸਮੇਸ਼ ਜੀ ਦਾ ਮੁੱਖ ਉਦੇਸ਼ ਸੀ, ਜੋ ਆਪ ਜੀ ਨੇ 'ਖਾਲਸੇ' ਦੀ ਸਿਰਜਨਾ ਕਰ ਕੇ ਸੰਪੂਰਨ ਕੀਤਾ)।

(੧੦)

(੧) ਸ੍ਰੀਮਾਨ ਸੰਤ ਫ਼ਤਹ ਸਿੰਘ ਜੀ ਆਪਣੇ ਇਕ ਅਮੋਲਕ ਲੇਖ 'ਸਾਰਾ ਪੰਥ—ਇਕ ਪਰਵਾਰ' ਜੋ ਗੁਰਦੁਆਰਾ ਗਜ਼ਟ ਮਹੀਨਾ ਨਵੰਬਰ ੧੯੬੭ ਦੇ ਪੰਨਾ ੧੦ ਉਤੇ ਛਪਿਆ ਸੀ, ਵਿਚ ਸਿੱਖਾਂ ਦੀ ਆਪਸ ਵਿਚ ਦੀ ਸਾਂਝ ਤੇ ਸਮਾਨਤਾ



www.AKJ.Org

ਦੇ ਸੁਨਹਿਰੀ ਸਿਧਾਂਤ ਨੂੰ ਇਉਂ ਨਿਰੂਪਣ ਕਰਦੇ ਹਨ :—

ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ੍ਰੀ ਅਨੰਦਪੁਰ ਸਾਹਿਬ ਵਿਚ ਵਡੇ ਇਕੱਠ ਵਿਖੇ ਸਿੰਘਾਂ ਨੂੰ ਇਕ ਬਾਟੇ ਵਿਚ ਅੰਮ੍ਰਿਤ ਛਕਾਇਆ ਅਤੇ ਖਾਲਸੇ ਨੂੰ ਹੁਕਮ ਕੀਤਾ:—'ਅਜ ਤੋਂ ਅਸਾਂ ਇਕ ਅਸੂਲ ਕਾਇਮ ਕਰਕੇ ਸਰਬਤ ਖਾਲਸੇ ਵਿਚ ਇਲਾਕਾਈ ਵੰਡ ਅਤੇ ਨਸਲੀ ਵੰਡ ਖਤਮ ਕਰ ਦਿਤੀ ਹੈ। ਸਾਰਾ ਖਾਲਸਾ ਮੇਰਾ ਨਾਦੀ ਪੁਤਰ ਹੈ।' ਇਸ ਤਰ੍ਹਾਂ ਨਸਲੀ ਭੇਦ ਮਿਟਾ ਦਿਤੀ। ਸ੍ਰੀ ਅਨੰਦਪੁਰ ਸਾਹਿਬ ਦਾ ਜਨਮ ਦਸ ਕੇ ਇਲਾਕਾਈ ਵੰਡ ਖਤਮ ਕਰ ਦਿਤੀ। ਜਦ ਸਾਰੇ ਅਨੰਦਪੁਰ ਵਾਸੀ ਹਨ, ਫਿਰ ਇਲਾਕਾ ਪ੍ਰਸਤੀ ਕਿਥੇ? ਜਦ ਸਾਰੇ ਮਾਤਾ ਸਾਹਿਬ ਦੇਵਾਂ ਅਤੇ ਪਿਤਾ ਸ੍ਰੀ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਪੁੱਤਰ ਸਪੁੱਤਰੀਆਂ ਹਨ ਤਾਂ ਜੱਟ, ਨਾਈ, ਛੀਂਬੇ, ਝੀਵਰ, ਤਰਖਾਣ, ਮਜ਼੍ਹਬੀ, ਰਵਦਾਸੀਏ, ਕਬੀਰ ਪੰਥੀ, ਸਿਕਲੀਗਰ ਆਦਿ ਜਾਤਾਂ ਕਿਥੇ?'

'ਜਦ ਇਸ਼ਟ ਇਕ, ਉਪਾਸ਼ਨਾ ਇਕ, ਧਿਆਨ ਇਕ; ਪੰਜਾਂ ਕੱਕਿਆਂ ਦੀ ਰਹਿਤ ਇਕ, ਪੰਜਾਂ ਬਾਣੀਆਂ ਦਾ ਪਾਠ ਇਕ, ਰੰਗ ਇਕ, ਰੂਪ ਇਕ, ਫਿਰ ਗੁਰਮਤਿ ਵਿਰੁਧ, ਇਲਾਕਾਈ ਅਤੇ ਜ਼ਾਤ ਬ੍ਰਾਦਰੀ ਦਾ ਸਵਾਲ ਕਿਉਂ ਉਠੇ?......'

ਲੇਖ ਦੇ ਅੰਤ ਵਿਚ ਸੰਤ ਜੀ ਲਿਖਦੇ ਹਨ—'ਸੋ ਮੈਂ ਨਿਮ੍ਰਤਾ ਸਹਿਤ ਸਭ ਭੈਣਾਂ ਭਰਾਵਾਂ ਨੂੰ ਬੇਨਤੀ ਕਰਾਂਗਾ ਕਿ ਸਭ ਮਾਈ ਭਾਈ, ਸਾਰਾ ਪੰਥ ਇਕ ਪ੍ਰਵਾਰ ਸਮਝੋ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਸਾਹਿਬ ਕੌਰ ਜੀ ਦੇ ਸਪੁੱਤਰ ਤੇ ਸਪੁੱਤਰੀਆਂ ਬਣੋ ਅਤੇ ਸ੍ਰੀ ਅਨੰਦਪੁਰ ਸਾਹਿਬ ਦੇ ਵਾਸੀ ਬਣ ਕੇ ਛਡੋ ਇਹਨਾਂ ਇਲਾਕਾਈ ਤੇ ਜ਼ਾਤ ਬਰਾਦਰੀਆਂ ਦੇ ਵਿਤਕਰਿਆਂ ਨੂੰ, ਅਜਿਹਾ ਕਰਨ ਨਾਲ ਹੀ ਸ੍ਰੀ ਕਲਗੀਧਰ ਪਿਤਾ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕੋਗੇ, ਨਹੀਂ ਤਾਂ ਉਲਟ ਚਲਣ ਵਾਲੇ ਗੁਰੂ ਦੇ ਦੇਣਦਾਰ ਹੋਣਗੇ।

(ੳ) ਫਕੜ ਜਾਤੀ ਫਕੜ ਨਾਉ ॥
ਸਭਨਾ ਜੀਆ ਇਕਾ ਛਾਉ ॥
(ਵਾਰ ਸ੍ਰੀ ਰਾਗੁ ਮ: ੧)

(ਅ) ਜਾਤਿ ਜਨਮੁ ਨਹ ਪੂਛੀਐ,
ਸਚ ਘਰੁ ਲੇਹੁ ਬਤਾਇ ॥
ਸਾ ਜਾਤਿ ਸਾ ਪਤਿ ਹੈ,
ਜੇਹੇ ਕਰਮ ਕਮਾਇ ॥
(ਪ੍ਰਭਾਤੀ ਮ: ੧)

(ਚਲਦਾ)

## ਬਠਿੰਡਾ ਵਿਖੇ ਰੈਣ-ਸਬਾਈ ਕੀਰਤਨ

ਸਕੱਤਰ ਗੁਰਦਵਾਰਾ ਅਕਾਲ ਗੜ੍ਹ ਸਾਹਿਬ ਬਠਿੰਡਾ ਸੂਚਨਾ ਦੇਂਦੇ ਹਨ ਕਿ 26 ਅਪ੍ਰੈਲ 1969 ਨੂੰ ਉਕਤ ਗੁਰਦਵਾਰਾ ਸਾਹਿਬ ਵਿਖੇ ਰੈਣ-ਸਬਾਈ ਕੀਰਤਨ ਹੋ ਰਿਹਾ ਹੈ। ਇਸ ਲਈ ਸ਼ਹਿਰ ਨਿਵਾਸੀ ਅਤੇ ਆਸ ਪਾਸ ਦੀਆਂ ਗੁਰ ਸੰਗਤਾਂ ਦੀ ਸੇਵਾ ਵਿਚ ਜੋਦੜੀ ਕੀਤੀ ਜਾਂਦੀ ਹੈ ਕਿ ਇਸ ਅਦੁਤੀ ਸਮਾਗਮ ਵਿਚ ਪੁਜ ਕੇ ਅਪਣਾ ਜਨਮ ਸਫਲਾ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।



www.AKJ.Org

# ਗਰੀਬ–ਨਿਵਾਜ

## ਕਾਦਰੇ ਹਰ ਕਾਰ ਗੁਰੁ ਗੋਬਿੰਦ ਸਿੰਘ । ਬੇਕਸਾਂ ਰਾ ਯਾਰ ਗੁਰੁ ਗੋਬਿੰਦ ਸਿੰਘ ।

(ਵਲੋਂ—ਸ੍ਰੀ ਗੁਰੂ ਨਾਨਕ ਸਤਿਸੰਗ ਸਭਾ ਸਿੰਘਾਪੁਰ)

ਅਨੰਦ-ਪੁਰ ਦੀ ਰਮਣੀਕ ਧਰਤੀ ਤੇ ਅਧੀ ਰਾਤ ਦਾ ਸਮਾਂ ਹੈ, ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿਘ ਜੀ ਮਹਾਰਾਜ ਆਰਾਮ ਕਰ ਰਹੇ ਹਨ, ਕਿ ਅਚਾਨਕ ਹੀ ਕਿਸੇ ਦੁਖੀਏ ਨੇ ਬੜੀ ਦਰਦ ਭਰੀ ਆਵਾਜ਼ ਦਿਲ ਚੀਰਵਾਂ ਸ਼ਬਦ ਕਹੇ ਜੋ ਦੁਖੀਆਂ ਦੇ ਦੁਖ ਹਰਤਾ, ਧਰਮ ਰਕਸ਼ਕ ਨੇ ਸੁਣਿਆਂ ਤੇ ਸੇਵਾਦਾਰ ਨੂੰ ਹੁਕਮ ਕੀਤਾ, 'ਦੇਖੋ ਬਾਹਰ ਕੌਣ ਦੁਖੀ ਹੈ' ? ਉਸ ਨੂੰ ਅੰਦਰ ਲੈ ਆਓ । ਸੇਵਾਦਾਰ ਬਾਹਰ ਗਿਆ, ਉਸ ਦੁਖੀ ਨੂੰ ਗੁਰੂ ਹਜ਼ੂਰੀ ਵਿਚ ਲੈ ਆਇਆ । ਇਹ ਦੁਖੀ ਆਕੇ ਗੁਰੂ ਮਹਾਰਾਜ ਜੀ ਦੇ ਚਰਨ ਪਰਸਦਾ ਤੇ ਰੋਈ ਜਾਂਦਾ ਹੈ, ਮੂੰਹੋਂ ਕੁਝ ਕਹਿਣ ਦੀ ਤਾਕਤ ਨਹੀਂ । ਸਤਿਗੁਰਾਂ ਨੇ ਧੀਰਜ ਦਿਤਾ ਅਤੇ ਫਰਮਾਇਆ, "ਤੂੰ ਆਪਣਾ ਦੁਖ ਦਸ, ਅਸੀਂ ਤੇਰਾ ਦੁਖ ਦੂਰ ਕਰਾਂਗੇ" । ਉਸ ਨੇ ਧੀਮੀ ਆਵਾਜ਼ ਵਿਚ ਕਹਿਣਾ ਸ਼ੁਰੂ ਕੀਤਾ ਹੇ ਸਚੇ ਪਾਤਸ਼ਾਹ ! ਮੇਰਾ ਨਾਮ ਸ਼ਿਵਦੱਤ ਹੈ ਅਤੇ ਜ਼ਾਤ ਦਾ ਬ੍ਰਾਹਮਣ ਹਾਂ" ।

ਮੈਂ ਆਪਣੀ ਵਿਆਹਤਾ-ਇਸਤ੍ਰੀ ਦਾ ਮੁਕਲਾਵਾ ਲੈ ਕੇ ਆ ਰਿਹਾ ਸਾਂ, ਜਦੋਂ ਮੈਂ ਬੱਸੀ ਪਿੰਡ (ਜ਼ਿਲਾ ਹੁਸ਼ਿਆਰਪੁਰ) ਦੇ ਕੋਲ ਪਹੁੰਚਿਆ ਤਾਂ ਜਾਬਰਖ਼ਾਨ ਪਠਾਣ ਨੇ ਮੇਰੇ ਉਤ ਹਮਲਾ ਕਰ ਦਿਤਾ ਅਤੇ ਮੇਰੀ ਘਰ-ਵਾਲੀ ਨੂੰ ਖੋਹ ਕੇ ਲੈ ਗਿਆ । ਮੈਂ ਕੋਤਵਾਲੀ ਜਾ ਕੇ ਕੋਤਵਾਲ ਨੂੰ ਕਿਹਾ ਅਤੇ ਕਾਜ਼ੀ ਨੂੰ ਕਿਹਾ ਪਰ ਕਿਸੇ ਥਾਂ ਤੋਂ ਇਨਸਾਫ਼ ਨਾ ਮਿਲ ਸਕਿਆ, ਸਗੋਂ ਮੈਨੂੰ ਧੱਕੇ ਮਾਰ ਕੇ ਬਾਹਰ ਕਢ ਦਿਤਾ ਗਿਆ । ਹਾਰ ਕੇ ਮੈਂ ਆਪਣੇ ਹਿੰਦੂ ਭਰਾਵਾਂ ਦੀ ਪੰਚਾਇਤ ਇਕਠੀ ਕੀਤੀ, ਪਰ ਉਹ ਸਭ ਡਰ ਗਏ ਤੇ ਕਿਸੇ ਨੇ ਮੇਰੀ ਮਦਦ ਦੀ ਹਾਮੀ ਨਹੀਂ ਭਰੀ, ਸਗੋਂ ਇਹ ਦਸਿਆ ਕਿ ਇਸ ਜਾਬਰਖਾਨ ਪਠਾਣ ਨੇ ਡਾਕੂ ਰਖੇ ਹੋਏ ਹਨ ਤੇ ਆਸ ਪਾਸ ਦੇ ਇਲਾਕੇ ਵਿਚ ਡਾਕੇ ਮਾਰਦਾ ਹੈ ਇਸ ਨੂੰ ਕੁਝ ਆਖਣਾ ਮੌਤ ਖਰੀਦਣੀ ਹੈ । ਆਖ਼ਰ ਹਰ ਪਾਸਿਉਂ ਨਿਰਾਸ ਹੋਕੇ ਆਪ ਜੀ ਦੇ ਪਾਸ ਹਾਜ਼ਰ ਹੋਇਆ ਹਾਂ, ਜੇ ਆਪ ਜੀ ਭੀ ਮੇਰੀ ਮਦੱਦ ਨਹੀਂ ਕਰੋਗੇ ਤਾਂ ਮੈਂ ਇਥੇ ਹੀ ਪ੍ਰਾਣ ਦੇ ਦਿਆਂਗਾ ਕਿਉਂਕਿ ਹੁਣ ਮੇਰਾ ਜੀਣਾ ਕਿਸੇ ਅਰਥ ਨਹੀਂ।

ਕਲਗੀਵਾਲੇ ਸਤਿਗੁਰੂ ਨੇ ਸੁਣਕੇ ਫੌਰਨ ਸੇਵਾਦਾਰ ਨੂੰ ਹੁਕਮ ਕੀਤਾ, ਕਿ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਬੁਲਾਇਆ ਜਾਵੇ । ਸਾਹਿਬ ਅਜੀਤ ਸਿੰਘ ਆਪਣੇ ਪੂਜਯ-ਗੁਰਦੇਵ ਪਿਤਾ ਜੀ ਦਾ ਹੁਕਮ ਪਾ ਕੇ ਫੌਰਨ ਹਜ਼ੂਰੀ ਵਿਚ ਹਾਜ਼ਰ ਹੋ ਸੀਸ ਨਿਵਾਇਆ । ਮਹਾਰਾਜ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਲਾਡਲੇ ਪੁਤਰ ਨੂੰ ਕਿਹਾ, ਬੇਟਾ ! ਇਹ ਦੁਖੀ ਪੰਡਤ ਹੈ, ਜਿਸਦੀ ਪਤਨੀ ਬੱਸੀ ਪਿੰਡ ਦੇ ਜਾਬਰ ਖਾਨ ਪਠਾਣ ਨੇ ਖੋਹ ਕੇ ਆਪਣੇ ਘਰ ਪਾ ਲਈ ਹੈ, ਉਹ ਬੜਾ ਜ਼ਾਲਮ ਹੈ ! ਡਾਕੂਆਂ ਤੇ ਧਾੜਵੀਆਂ ਦਾ ਸ੍ਰਦਾਰ ਹੈ, ਦੁਰਾਚਾਰੀ ਤੇ ਅਤਿਆਚਾਰੀ ਹੈ ! ਹੁਣੇ ਇਸੇ ਵਕਤ (ਅੱਧੀ ਰਾਤ



www.AKJ.Org

ਗਏ) ਸ਼ਸਤ੍ਰ ਬਸਤ੍ਰ ਸਜਾ ਕੇ ਤਿਆਰ ਹੋ ਜਾਓ, ਤੇ ਆਪਣੇ ਨਾਲ ੧੦੦ ਸਿੰਘਾਂ ਦਾ ਜਥਾ ਲੈ ਕੇ ਰਾਤੋ ਰਾਤ ਬਸੀ ਪਿੰਡ ਪੁਜੋ! ਦਿਨ ਨਿਕਲਦੇ ਤਕ ਉਸ ਪਾਪੀ ਨੂੰ ਜ਼ਿੰਦਾ ਬਨ੍ਹ ਕੇ ਸਾਡੇ ਸਾਹਮਣੇ ਪੇਸ਼ ਕਰੋ ਅਤੇ ਇਸ ਪੰਡਤ ਦੀ ਵਿਆਹਤਾ ਨੂੰ ਵੀ ਸਤਿਕਾਰ ਸਹਿਤ ਵਾਪਸ ਲਿਆਓ ਤੇ ਇਸਦੇ ਹਵਾਲੇ ਕਰੋ। ਸਾਹਿਬਜ਼ਾਦਾ ਅਜੀਤ ਸਿੰਘ ਹੁਕਮ ਪਾਂਦਿਆਂ ਹੀ ਬਿਨਾ ਦੇਰ ਪਲਾਂ ਵਿਚ ਹੀ ਸੌ ਸਿੰਘਾਂ ਦੇ ਜਥੇ ਸਮੇਤ ਤਿਆਰ ਹੋ ਗਏ ਅਤੇ ਇਸ ਪੰਡਤ ਨੂੰ ਵੀ ਇਕ ਘੋੜਾ ਦਿਤਾ ਤਾਕਿ ਰਾਤੋ ਰਾਤ ਸਹੀ ਰਸਤੇ ਜਾ ਕੇ ਜਲਦੀ ਪਾਪੀ ਨੂੰ ਦੰਡ ਦਿਤਾ ਜਾਵੇ।

ਸਾਹਿਬਜ਼ਾਦੇ ਨੇ ਤੇ ਜਥੇ ਦੇ ਸਿੰਘਾਂ ਨੇ ਸਾਹਿਬਾਂ ਨੂੰ ਸੀਸ ਨਿਵਾਏ ਤੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਕਹਿੰਦਿਆਂ ਹੀ ਤੇਜ਼ ਰਫ਼ਤਾਰ ਨਾਲ ਘੋੜੇ ਛਡ ਦਿਤੇ। ਘੋੜੇ ਹਵਾ ਨਾਲ ਗਲਾਂ ਕਰਨ ਲਗੇ, ਤੇ ਥੋੜੀ ਹੀ ਦੇਰ ਵਿਚ ਜੰਗਲ ਬੇਲੇ ਪਾਰ ਕਰਦੇ ਸਤਲੁਜ ਦੇ ਕਿਨਾਰੇ ਪਹੁੰਚ ਗਏ। ਦਰਿਆ ਠਾਠਾਂ ਮਾਰ ਰਿਹਾ ਸੀ। ਕਾਲੀ ਬੋਲੀ ਸਰਦੀ ਦੀ ਰਾਤ ਸੀ। ਸਾਹਿਬ ਅਜੀਤ ਸਿੰਘ ਜੀ ਨੇ ਸਿੰਘਾਂ ਨੂੰ ਆਖਿਆ, 'ਕਲਗੀਆਂਵਾਲੇ ਦਾ ਧਿਆਨ ਧਰ ਕੇ ਸਤਲੁਜ ਦਰਿਆ ਵਿਚ ਠਿਲ ਪਵੋ। ਕੇਵਲ ਕਹਿਣ ਦੀ ਦੇਰ ਸੀ ਨਿਰਭੈ ਸਿੰਘਾਂ ਨੇ ਸਾਹਿਬਜ਼ਾਦੇ ਦਾ ਹੁਕਮ ਸੁਣਦੇ ਹੀ ਜੈਕਾਰਾ ਛਡਿਆ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਘੋੜਾ ਸਭ ਤੋਂ ਪਹਿਲਾਂ ਠਾਠਾਂ ਮਾਰਦੇ ਦਰਿਆ ਵਿਚ ਉਤਰਿਆ। ਸਾਰੇ ਸਿੰਘ ਤਾਰੂ ਸਨ, ਕੇਵਲ ਬ੍ਰਾਹਮਣ ਦਾ ਫ਼ਿਕਰ ਸੀ, ਪਰ ਸਿੰਘਾਂ ਦੀ ਹੈਰਾਨੀ ਦੀ ਹਦ ਨਾ ਰਹੀ ਜਦ ਆਪਣੇ ਵਾਂਗ ਹੀ ਪਿਛੇ ਪਿਛੇ ਪੰਡਤ ਨੂੰ ਭੀ ਘੋੜੇ ਤੇ ਅਸਵਾਰ ਆਉਂਦਿਆਂ ਦੇਖਿਆ। ਬਿਨਾਂ ਕਿਸੇ ਨੁਕਸਾਨ ਦੇ ਸਿੰਘਾਂ ਦੇ ਜਥੇ ਦਰਿਆ ਪਾਰ ਕਰ ਲਿਆ। ਸਿੰਘਾਂ ਦੇ ਕਪੜੇ ਭਿਜ ਗਏ। ਕਹਿਰਾਂ ਦੀ ਠੰਡ ਸੀ, ਪਰ ਸਿੰਘਾਂ ਨੇ ਇਸ ਠੰਡ ਦੀ ਪ੍ਰਵਾਹ ਨਾ ਕੀਤੀ। ਆਪਣੇ ਕਪੜਾ ਰਤਾ ਮਾਸਾ ਨਿਚੋੜਕੇ ਸਿੰਘ ਜੈਕਾਰੇ ਗਜਾਉਂਦੇ ਹੁਸ਼ਿਆਰਪੁਰ ਦੇ ਰਾਹੇ ਪੈ ਗਏ। ਜਥਾ ਟੋਇਆਂ ਤੇ ਟਿਬਿਆਂ ਵਿਚੋਂ ਲੰਘਦਾ ਤੇ ਮਾਰੋ ਮਾਰ ਕਰਦਾ ਤਿੰਨ ਕੁ ਵਜੇ ਪਿੰਡ ਦੀ ਜੂਹ ਵਿਚ ਜਾ ਪਹੁੰਚਾ।

ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਪੰਡਤ ਦੀ ਸਹਾਇਤਾ ਨਾਲ ਇਸ ਪਿੰਡ ਦੇ ਰਸਤੇ ਵੇਖੇ ਅਤੇ ਬੜੀ ਸਿਆਣਪ ਤੇ ਫੁਰਤੀ ਨਾਲ ਦਸ, ਦਸ ਸਵਾਰ ਨਾਕਿਆਂ ਤੇ ਖੜੇ ਕਰ ਦਿਤੇ। ਸਾਰੇ ਨਾਕੇ ਬੰਦ ਕਰਕੇ ਚੁਪ ਚੁਪੀਤੇ ਅਚਾਨਕ ਪਠਾਣ ਦੀ ਹਵੇਲੀ ਨੂੰ ਘੇਰਾ ਪਾ ਲਿਆ ਅਤੇ ਫੌਰਨ ਹੀ ਪੰਜ ਗੋਲੇ ਅਸਮਾਨ ਵਲ ਮੂੰਹ ਕਰਕੇ ਦਾਗ ਦਿਤੇ। ਇਸਦੇ ਨਾਲ ਹੀ ਨਾਕਾਬੰਦੀ ਹੋਈ ਥਾਂ ਤੋਂ ਭੀ ਵਾਰੀ ਵਾਰੀ ਗੋਲੀਆਂ ਦੀ ਤਾੜ ਤਾੜ ਹੋਣ ਲਗੀ। ਪਿੰਡ ਵਾਲੇ ਸਾਰੇ ਹੀ ਪਠਾਣ ਭੈ ਭੀਤ ਹੋ ਗਏ। ਕਈ ਤਾਂ ਜਾਨ ਬਚਾਵਣ ਲਈ ਖੇਤਾਂ ਵਲ ਨਸ ਗਏ, ਕੁਝ ਇਕ ਸ਼ੇਰ ਬਹਾਦਰਾਂ, ਸਿੰਘ ਸਵਾਰਾਂ ਨੂੰ ਦੇਖਕੇ ਆਪਣੇ ਆਪਣੇ ਅੰਦਰ ਹੀ ਲੁਕ ਗਏ, ਕੁਝ ਸਿੰਘਾਂ ਦੀ ਸ਼ਰਨ ਆਏ ਤੇ ਕਹਿਣ ਲਗੇ, ਇਹ ਜਾਬਰਖਾਨ ਸਰਦਾਰ ਕਸੂਰਵਾਰ ਹੈ, ਸਾਡੀ ਜਾਨ ਬਖ਼ਸ਼ੀ ਕੀਤੀ ਜਾਵੇ। ਇਸਨੂੰ ਰਖੋ ਭਾਵੇਂ ਮਾਰੋ, ਇਸ ਨੇ ਕਈ ਵਿਆਹੇ ਡੋਲਿਆਂ ਨੂੰ ਰੋਕ ਰੋਕ ਕੇ ਜ਼ਬਰਦਸਤੀ ਸੱਤ ਭੰਗ ਕੀਤੇ ਹਨ ਅਤੇ ਪਤਾ ਨਹੀਂ ਕਿਤਨੇ ਗੁਪਤ ਕਤਲ ਵੀ ਕੀਤੇ ਤੇ ਕਰਾਏ ਹਨ। ਅਸੀਂ ਬਿਲਕੁਲ ਹੀ ਨਿਰਦੋਸ਼ ਹਾਂ, ਇਸਤਰ੍ਹਾਂ ਕਿਸੇ ਨੇ ਵੀ ਸਿੰਘਾਂ ਦੀ ਰਤੀ ਭਰ ਵੀ ਵਿਰੋਧਤਾ ਨਾ ਕੀਤੀ। ਸਿੰਘਾਂ ਨੇ ਹਵਲੀ ਦੇ ਅੰਦਰ ਵੜਕੇ ਪਠਾਣ ਦੀਆਂ ਮੁਸ਼ਕਾਂ ਬਨ੍ਹ ਲਈਆਂ ਅਤੇ ਇਕ ਘੋੜੇ ਤੇ ਲਦ ਲਿਆ। ਬ੍ਰਾਹਮਣੀ ਨੂੰ ਪੰਡਤ ਦੇ ਘੋੜੇ ਤੇ ਬਿਠਾਇਆ, ਹੋਰ ਕਿਸੇ ਨੂੰ ਬਿਲਕੁਲ ਕੁਝ ਨਹੀਂ ਆਖਿਆ। ਜਥੇ ਨੇ ਇਕ ਇਕ ਕਰਕੇ ਤਿੰਨ ਬੰਦੂਕਾਂ ਅਕਾਸ਼ ਵਲ ਫਿਰ ਦਾਗ਼ੀਆਂ ਤੇ ਕੂਚ ਕਰ ਦਿਤੀ। ਨਾਕਿਆਂ ਦੇ ਜਥੇ ਵੀ ਨਾਲ ਰਲ ਪਏ ਤੇ ਸਿੰਘ ਫਤਹਿ ਦੇ ਜੈਕਾਰੇ ਗਜਾਉਂਦੇ ਹਵਾ ਨਾਲ ਗਲਾਂ ਕਰਨ ਲਗੇ। ਜਦ ਸਾਹਿਬਜ਼ਾਦਾ ਅਜੀਤ



www.AKJ.Org

ਸਿੰਘ ਜੀ ਬ੍ਰਾਹਮਣੀ ਬ੍ਰਾਹਮਣ ਅਤੇ ਅਪ੍ਰਾਧੀ ਜਾਬਰਖਾਨ ਨੂੰ ਲੈਕੇ ਅਨੰਦਪੁਰ ਸਾਹਿਬ ਪਹੁੰਚੇ, ਤਾਂ ਰੋਜ਼ ਦੀ ਤਰ੍ਹਾਂ ਦੀਵਾਨ ਸਜਿਆ ਹੋਇਆ ਸੀ। ਦੀਵਾਨ ਦੀ ਸਮਾਪਤੀ ਤੋਂ ਬਾਹਦ ਬ੍ਰਾਹਮਣ ਬ੍ਰਾਹਮਣੀ ਨੂੰ ਸਤਿਗੁਰਾਂ ਦੀ ਹਜ਼ੂਰੀ ਵਿਚ ਪੇਸ਼ ਕੀਤਾ ਗਿਆ। ਬ੍ਰਾਹਮਣ ਨੇ ਡੰਡਉਤ ਹੋਕੇ (ਲੰਮੇ ਪੈਕੇ) ਚਰਨ-ਬੰਦਨਾਂ ਕੀਤੀ। ਬ੍ਰਾਹਮਣੀ ਜ਼ਾਰ ਜ਼ਾਰ ਰੋਣ ਲਗ ਪਈ। ਸਤਿਗੁਰੂ ਜੀ ਨੇ ਬੜੇ ਪਿਆਰ ਵਿਚ ਫਰਮਾਇਆ, 'ਬੱਚੀ ਤੂੰ ਕਿਉਂ ਰੋ ਰਹੀ ਏਂ! ਤੇਰੇ ਹੁਣ ਬੰਧਨ ਕਟੇ ਗਏ ਹਨ, ਤੂੰ ਹੁਣ ਖਾਲਸੇ ਦੀ ਬੇਟੀ ਏਂ! 'ਇਹ ਆਖ ਕੇ ਸਤਿਗੁਰੂ ਨੇ ਜਾਬਰਖਾਨ ਵਲ ਮੁਖਾਤਬ ਹੋਕੇ ਆਖਿਆ, 'ਤੇਰੇ ਜੈਸੇ ਹਤਿਆਰਿਆਂ ਤੇ ਅਤਿਆਚਾਰੀਆਂ ਨੂੰ ਪੂਰੀ ਪੂਰੀ ਸਜ਼ਾ ਮਿਲਣੀ ਚਾਹੀਦੀ ਹੈ। ਇਹ ਕਹਿ ਕੇ ਨਿਰਭੈ ਸਤਿਗੁਰਾਂ ਨੇ, ਸਿੰਘਾਂ ਸਾਰਿਆਂ ਦੇ ਸਾਹਮਣੇ, ਤੀਰਾਂ ਨਾਲ ਮਾਰਣ ਲਈ ਹੁਕਮ ਦਿਤਾ। ਸਿੰਘਾਂ ਸੂਰਮਿਆਂ ਨੇ ਸਤਿਗੁਰੂ ਜੀ ਦਾ ਹੁਕਮ ਮਨ ਕੇ ਫੌਰਨ ਹੀ ਇਸ ਪਾਪੀ ਜਾਬਰਖਾਨ ਨੂੰ ਤੀਰਾਂ ਨਾਲ ਛਾਨਣੀ ਕਰ ਦਿਤਾ।

ਇਸ ਘਟਨਾ ਦਾ ਆਸ ਪਾਸ ਦੇ ਇਲਾਕੇ ਤੇ ਐਸਾ ਅਸਰ ਹੋਇਆ, ਕਿ ਅਗੋਂ ਇਸ ਤਰ੍ਹਾਂ ਦੇ ਅਤਿਆਚਾਰ ਕਰਨ ਦੀ ਕਿਸੇ ਦੀ ਹਿੰਮਤ ਨਾ ਪਈ ਅਤੇ ਸਿੰਘਾਂ ਦਾ ਬੋਲ ਬਾਲਾ ਹੋਇਆ।

ਐਸੀ ਲਾਲ ਤੁਝ ਬਿਨ ਕਉਨੁ ਕਰੈ ॥
ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥

—o—

Statement about ownership and other particulars about newspaper 'SURA' to be published in the first issue every year after last day of February.

FORM IV

(See Rule (8)

| | | |
|---|---|---|
| 1. Place of publication | | Patiala |
| 2. Periodicity of its publication | | Monthly |
| 3. Printer's Name | | Manohar Singh |
| | Nationality | Indian |
| | Address | Ragho Majra Patiala. |
| 4. Publishers Name | | Manohar Singh |
| | Nationality | Indian |
| | Address | Ragho Majra, Patiala. |
| 5. Editors Name | | Manohar Singh |
| | Nationality | Indian |
| | Addres | Ragho Majra Patiala. |
| 6, Names and address of individuals who own the newspaper and partners or shera holders holding more than one percent of the total Capital. | | for Akhand Keertani Jatha Patiala. |

I Manohar Singh, hereby declare that the particulars given above are true to the best of my knowledge and belief.

Date 5th March 1969. Signature of Publisher Manohar Singh



www.AKJ.Org

# ਨਿਸ਼ਾਨ ਸਾਹਿਬ

(ਵਲੋਂ:—ਸ: ਮੇਹਰ ਸਿੰਘ ਪ੍ਰਿੰਸੀਪਲ ਐਫ/ਐਸ ਰੇਸ ਕਰੋਸ ਡੇਹਰਾਦੂਨ ਯੂ. ਪੀ.)

ਇਸ ਦਾ ਨਾਉਂ ਨਿਸ਼ਾਨ ਸਾਹਿਬ ਇਸ ਲਈ ਹੈ ਕਿ ਇਹ ਅਕਾਲ ਪੁਰਖ ਦਾ ਹੀ ਨਿਸ਼ਾਨ ਹੈ ਜੇਹੜਾ ਕਿਸੇ ਹੋਰ ਚੀਜ਼ ਵਲ ਇਸ਼ਾਰਾ ਨਹੀਂ ਕਰਦਾ। ਇਸਦੇ ਦਰਸ਼ਨ ਕਰਦਿਆਂ ਹੀ ਸਾਨੂੰ ਉਸ ਪਰੀ ਪੂਰਨ ਮਹਾਂ ਸ਼ਕਤੀ ਅਕਾਲ ਪੁਰਖ ਦਾ ਇਕ ਚਿਤ੍ਰ (ਨਕਸ਼ਾ) ਦਮਾਗ ਵਿਚ ਆ ਜਾਂਦਾ ਹੈ ਅਤੇ ਸਾਨੂੰ ਉਸ ਸਰਬਵਿਆਪੀ ਵਾਹਿਗੁਰੂ ਦੀ ਹੋਂਦ (existence) ਜੇਹੜੀ ਕਿ ਜ਼ੱਰੇ ਜ਼ੱਰੇ ਵਿਚ ਹੈ ਉਸ ਦਾ ਧਿਆਨ ਦਮਾਗ਼ ਵਿਚ ਜਲਵਾ ਫ਼ਿਗਨ (fash) ਹੋ ਜਾਂਦਾ ਹੈ। ਇਸ ਦੀ ਮਹਤਤਾ ਸਭ ਤੋਂ ਜ਼ਿਆਦਾ ਹੈ। ਇਹ ਤੇ ਜ਼ਰੂਰੀ ਹੈ ਹੀ ਕਿ ਗੁਰੂ ਸਾਹਿਬ ਦੀ ਹਾਜ਼ਰੀ ਭਰਨ ਤੋਂ ਬਗੈਰ ਮਨੁਖ (ਸਿਖ) ਕਿਸੇ ਕੰਮ ਦਾ ਨਹੀਂ ਅਤੇ ਇਹ ਹਾਜ਼ਰੀ ਹੀ ਸਿਖ ਦੀ ਰੂਹੇ ਰਵਾਨ ਜਿੰਦ ਜਾਨ ਹੈ। ਇਸ ਨਿਸ਼ਾਨ ਸਾਹਿਬ ਨੂੰ ਨਮਸਕਾਰ ਕਰਨਾ ਸਿਖ ਦਾ ਸਭ ਤੋਂ ਪਹਿਲਾ ਫ਼ਰਜ਼ ਹੈ ਤੇ ਨਾਲ ਹੀ ਸਿਖ ਦਾ ਗੁਰਮਤਿ ਵਲ ਆਉਣ ਦਾ ਆਰੰਭਕ ਚਿੰਨ੍ਹ (Starting point) ਹੈ।

ਇਹ ਅਕਾਲ ਪੁਰਖ ਦਾ ਪਰਤੀਕ ਹੈ ਇਸਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਬੜੇ ਪ੍ਰੇਮ, ਸਤਕਾਰ ਤੇ ਅਦਬ ਨਾਲ 'ਨਿਸ਼ਾਨ ਸਾਹਿਬ' ਕਹਿ ਕੇ ਪੁਕਾਰਿਆ ਹੈ। ਇਸ 'ਸਾਹਿਬ' ਅਖਰ ਦੇ ਅੰਦਰ ਪਿਆਰ ਦੀ ਗੰਭੀਰ ਝਲਕ ਹੈ ਅਤੇ ਗੁਰੂ ਸਾਹਿਬ ਜੋ ਇਸਨੂੰ ਅਜੇਹੀ ਮਹਾਨਤਾ ਦਿਤੀ ਹੈ ਜਿਸ ਕਰ ਕੇ ਸਿਖ ਲਈ ਇਸ ਨੂੰ ਨਮਸਕਾਰ ਕਰਨਾ ਹੀ ਇਕ ਬੜੀ ਮੁਬਾਰਕ ਚੀਜ਼ ਹੈ ਤੇ ਦੂਰ ਤੋਂ ਗੁਰਦਵਾਰੇ ਦੇ ਉਤੋਂ ਦੀ ਇਸ ਦਾ ਨਜ਼ਰ ਹੀ ਆਉਣਾ ਇਸ ਅਸਥਾਨ ਦਾ ਖ਼ਾਨਾਏ-ਖ਼ੁਦਾ ਹੋਣਾ ਵਾਜ਼ਿਆ ਕਰਦਾ ਹੈ ਅਤੇ ਘਰ ਦੇ ਮਾਲਕ ਅਰਥਾਤ ਅਕਾਲਪੁਰਖ ਦੀ (appearence) ਘਰ ਦੇ ਅੰਦਰ ਜਾਣ ਤੋਂ ਪਹਿਲਾਂ ਹੀ ਦਰਸਾ ਕੇ ਸਿਖ ਦੇ ਦਿਲ ਵਿਚ ਫੌਰਨ ਅਕਾਲ ਪੁਰਖ ਦੀ ਯਾਦ ਆਉਣਾ ਦਾ (Foresignal) ਪ੍ਰਿਥਮ ਸੂਚਕ ਬਣਾਇਆ ਹੈ।

ਇਸ ਦੀ ਮਹੱਤਤਾ ਨੂੰ ਅਸੀਂ ਤਿੰਨ ਪ੍ਰਕਾਰ ਦੇ ਦ੍ਰਿਸ਼ਟੀਕੋਨ ਨਾਲ ਵੰਡ ਸਕਦੇ ਹਾਂ:—

(1) Individual ਵਿਯਕਤੀਗਤ ਰੂਪ ਵਿਚ

(2) Comfined ਸਾਂਝੇ ਰੂਪ ਵਿਚ

(3) Olden & Cultural ਪੁਰਾਣੀ ਸਭਯਤਾ ਦੇ ਰੂਪ ਵਿਚ।

1. Individual (ਵਿਅਕਤੀਗਤ ਰੂਪ ਵਿਚ) ਇਸ ਦਾ ਖੰਡਾ ☬ ਇਹ ਜ਼ਾਹਿਰ ਕਰਦਾ ਹੈ ਕਿ ਮਨੁਖ ਵਿਚ ਨਾਭੀ ਤੋਂ ਲੈ ਕੇ ਦਸਵੇਂ ਦੁਾਰ ਤਕ ਚੂੰਕਿ ਇਹ ਸ਼ਕਲ ਹੁੰਦੀ ਹੈ ਅਤੇ ਉਹ ਆਤਮਕ ਸੱਤਾ ਜਿਸਦੇ ਜ਼ਰੀਏ ਮਨੁਖ ਅਭਿਆਸ ਕਰ ਕੇ ਆਪਣੀ ਮਨਜ਼ਲ ਦੀ ਕਮਾਲੀਅਤ ਦੇ ਦਰਜੇ ਤੇ ਪਹੁੰਚਦਾ ਹੈ ਇਹ ਉਸਦਾ ਹੀ ਨਕਸ਼ਾ ਹੈ ਇਸੀ ਸੱਤਤਾ ਨੂੰ ਖੰਡੇ ਦੀ ਸ਼ਕਲ ਦਿਤੀ ਹੈ ਤੇ ਇਹ ਸ਼ਕਲ ਦੇ ਕੇ ਦਸਿਆ ਹੈ ਕਿ ਇਹ ਮਨੁਖ ਐਸੀ ਚੀਜ਼ ਨੂੰ ਯਾਦ ਰਖੇ।



www.AKJ.Org

ਫਿਰ ਦੋ ਕਿਰਪਾਨਾਂ ਇਸ ਚੀਜ਼ ਨੂੰ ਜ਼ਾਹਿਰ ਕਰਦੀਆਂ ਹਨ ਕਿ ਇਨਸਾਨ ਦੇ ਅੰਦਰ ਦੋ ਸ਼ਕਤੀਆਂ (ਆਤਮਕ ਸ਼ਕਤੀ ਤੇ ਗਿਆਨ ਸ਼ਕਤੀ) ਹਨ ਜਿਨ੍ਹਾਂ ਦੇ ਜ਼ਰੀਏ ਆਦਮੀ ਆਪਣੀ ਹਾਲਤ ਨੂੰ ਪਹੁੰਚਣ ਦੇ ਕਾਬਲ ਹੋਵੇਗਾ ਅਤੇ ਫਿਰ ਚੱਕਰ ਜਹੜਾ ਹੈ ਉਹ ਇਸ ਮਹਾਨ ਕੰਮ ਦੀ ਯਾਦ ਦਿਲਾਂਦਾ ਹੈ ਜੇਹੜਾ ਕਿ ਮਨੁਖ ਨੇ ਕਰਨਾ ਹੈ ਉਹ ਇਹ ਕਿ ਜਿਥੋਂ ਇਨਸਾਨ ਆਇਆ ਹੈ ਘੁਮ ਕ ਉਸ ਨੇ ਉਥੇ ਹੀ ਜਾਣਾ ਹੈ। ਇਸ ਵਾਸਤੇ ਨਿਸ਼ਾਨ ਸਾਹਿਬ ਆਦਮੀ ਨੂੰ Individual ਰੂਪ ਵਿਚ ਇਹ ਕੁਝ ਜਤਲਾਉਂਦਾ ਹੋਇਆ ਇਸ ਨੂੰ (ਪਾਇਆ-ਏ-ਤਕਮੀਲ) ਪੂਰਨਤਾ ਤਕ ਪਹੁੰਚਨ ਦੀ ਯਾਦ ਦਿਲਾਉਂਦਾ ਹੈ। ਗੁਰਸਿਖ ਜਦੋਂ ਨਿਸ਼ਾਨ ਸਾਹਿਬ ਦਾ ਦਰਸ਼ਨ ਕਰੇ ਜੇ ਉਸਨੂੰ ਇਕ ਥਰਕੰਬਨੀ ਨਾ ਆਵੇ ਤਾਂ ਫਿਰ ਉਸ ਦਾ (receptive mind) ਅਸਰ ਖਿਚਨ ਵਾਲਾ ਹਿਰਦਾ ਹੀ ਕਿਸ ਕੰਮ ਦਾ ਹੈ ਇਹ ਤਾਂ ਦਸਣ ਦੀ ਲੋੜ ਨਹੀਂ ਕਿ ਇਸ ਦਾ ਕਿਵੇਂ ਅਸਰ ਦਰਸ਼ਨ ਕਰਨ ਪਰ ਮਨੁਖ ਉਤੇ ਹੁੰਦਾ ਹੈ ਇਹ ਤਾਂ ਆਪਣੇ ਅੰਦਰ ਦੇ ਬਲਬ ਦੀ ਸੁਧਤਾ (Correctness) ਉਤੇ ਹੈ। The purer the heart, the greater the receptive capacity and so the quicker the flow of inword spirtual current.

ਸੋ ਵਿਅਕਤੀਗਾਤ ਰੂਪ ਵਿਚ ਇਹ ਖੰਡਾ ਤੇ ਦੋ ਕਿਰਪਾਨਾਂ ਤੇ ਚਕਰ ਸਿਖਨੂੰ ਦਸ ਰਹੇ ਹਨ ਕਿ ਸਿਖ ਅਪਨੀ ਗਿਆਨ ਤੇ ਆਤਮਕ ਸ਼ਕਤੀ ਦਾ ਇਸਤੇਮਾਲ ਕਰਦਾ ਹੋਇਆ ਇਹ ਮਹਾਨ ਕੰਮ ਨੂੰ ਪੂਰਾ ਕਰੇ ਅਤੇ ਇਸਤਰ੍ਹਾਂ ਅਪਨਾ ਫਰਜ਼ ਪੂਰਾ ਕਰਕੇ ਪਰਮਾਤਮਾਂ ਦੀ ਔਲਾਦ ਹੁੰਦਾ ਹੋਇਆ ਅਪਨੀ ਆਤਮਾਂ ਨੂੰ ਉਸ ਪਰਮ ਜੋਤਿ ਨਾਲ ਮਿਲਾਨ ਦੀ ਕੇਵਲ ਕੋਸ਼ਿਸ਼ ਹੀ ਨਾ ਕਰੇ ਬਲਕਿ ਇਸ ਨੂੰ ਆਪਣੀ ਆਤਮਕ ਡਿਯੂਟੀ ਸਮਝੇ ਤੇ ਫੇਰ ਭੀ ਇਹ ਆਪਨੇ ਆਪਨੂੰ ਉਸਦੀ ਸੁਚਜੀ ਔਲਾਦ ਕਹਿਲਾਉਣ ਦਾ ਹਕਦਾਰ ਹੋ ਸਕਦਾ ਹੈ। ਆਉ, ਗੁਰਮੁਖੋ ਸੁਤਿਆਂ ਨੂੰ ਜਗਾਨ ਵਾਲਾ ਇਹ ਨਿਸ਼ਾਨ ਸਾਹਿਬ ਜੋ ਸਨੇਹਾ ਸਾਨੂੰ ਦੇ ਰਿਹਾ ਹੈ ਉਸਨੂੰ ਚੇਤੇ ਰਖਕੇ ਉਸ ਤੇ ਅਮਲ ਕਰੀਏ ਕਿਉਂ ਜੋ ਸਪੂਤ ਬਨਣ ਦੀ ਖਾਹਸ਼ ਰਖਨਾ ਹੀ ਇਕ ਕੇਵਲ ਮਾਤ੍ਰ ਤਸੱਲੀ (only satisfaction) ਤੇ ਹੀ ਨਹੀਂ ਬਸ ਕਰ ਛਡਨਾ ਚਾਹੀਦਾ ਇਸਨੂੰ ਅਮਲੀ ਰੂਪ ਵਿਚ ਲਿਆਉਣਾ ਵੀ ਜ਼ਰੂਰੀ ਹੈ ਅਤੇ ਬਹੁਤ ਹੀ ਜ਼ਰੂਰੀ ਹੈ।

II. Combined (ਸਾਮੂਹਕ ਰੂਪ ਵਿਚ) ਨਿਸ਼ਾਨ ਸਾਹਿਬ ਦੇ ਚੋਲੇ ਦਾ ਪੀਲਾ ਰੰਗ 'ਬ੍ਰਹਮ' ਦਾ ਹੈ ਇਹ ਸਾਰਾ ਬ੍ਰਹਮੰਡ ਪਰਗਟ ਕਰਦਾ ਹੈ। ਪਹਿਲੇ ਪਹਿਲ ਇਹ ਰੰਗ ਗੇਰਵਾ ਹੋਇਆ ਕਰਦਾ ਸੀ ਜੇਹੜਾ ਰੰਗ ਤਿਆਗ ਦੀ ਨਿਸ਼ਾਨੀ ਸੀ ਪਰ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪੀਲਾ ਰੰਗ ਰਖਿਆ ਜੇਹੜਾ ਕਿ ਗਿਆਨ ਤੇ ਭਗਤੀ ਦੋਹਾਂ ਨੂੰ ਜ਼ਾਹਿਰ ਕਰਦਾ ਹੈ ਭਗਤੀ ਤੇ ਇਸਦੇ ਨਾਲ ਸ਼ਕਤੀ। ਇਹ ਦੋਵੇਂ ਗੁਰੂ ਸਾਹਿਬ ਨੇ ਇਕਠੀਆਂ ਕਰਕੇ ਦਸੀਆਂ ਹਨ। ਪਹਿਲੇ ਕੇਵਲ ਭਗਤੀ ਹੀ ਹੋਇਆ ਕਰਦੀ ਸੀ ਜਿਸਨੇ ਮਨੁਖ ਨੂੰ ਆਪਣੇ ਆਤਮਕ ਕੰਮ ਦੀ ਸੰਪੂਰਨਤਾ ਵਿਚ ਪ੍ਰਪਕ ਨ ਹੋਨ ਦਿਤਾ ਤੇ ਲੰਗੜਾ ਹੀ ਰਖਿਆ ਕਿਉਂਕਿ ਗ੍ਰਹਸਤ ਕੰਮ ਇਸਤਰਾਂ ਬਿਲਕੁਲ ਠੱਪ ਹੋ ਜਾਂਦਾ ਰਿਹਾ ਤੇ ਕੇਵਲ ਭਗਤੀ ਵਿਚ ਮਗਨ ਰਹਿਕੇ ਮਨੁਖ ਪਾਇਆ-ਏ-ਤਕਮੀਲ (ਸੰਪੂਰਨਤਾ) ਤਕ ਪਹੁੰਚਨ ਦੀ ਹੀ ਕੋਸ਼ਿਸ਼ ਕਰਦਾ ਸੀ ਅਤੇ ਅਪਨੀ ਜ਼ਿੰਦਗੀ ਇਸੇ ਤਰ੍ਹਾਂ ਦੀ ਗੁਜ਼ਾਰਦਾ ਰਿਹਾ। ਇਸਦਾ ਇਹ ਨਤੀਜਾ ਹੋਇਆ ਕਿ ਗ੍ਰਹਿਸਤ ਦੇ ਉਹ ਸਾਰੇ ਇਨਸਾਨੀ ਫਰਜ਼ ਜਿਨਾਂ ਦਾ ਪੂਰਾ ਕਰਨਾ ਇਨਸਾਨ ਲਈ ਕੇਵਲ ਜ਼ਰੂਰੀ ਹੀ ਨਹੀਂ, ਬਲਕਿ ਉਨਾਂ ਦੇ ਪੂਰਾ ਕਰਨ ਤੋਂ ਬਗੈਰ ਉਸਦਾ ਝਟ ਲੰਘ ਹੀ ਨਹੀਂ ਸਕਦਾ, ਅਧੂਰੇ ਹੀ ਰਹਿ ਜਾਂਦੇ ਸਨ। ਇਸ ਪ੍ਰਕਾਰ ਮਨੁਖ ਦੀ ਯਾਤ੍ਰਾ ਆਤਮਕ ਤ੍ਰੀਕੇ ਦੀ ਹੁੰਦਿਆਂ ਹੋਇਆਂ ਦੀ ਮੁਸ਼ਕਲ (Complete in all respects) ਨਹੀਂ ਹੋਇਆ ਕਰਦੀ ਸੀ।



www.AKJ.Org

ਗੁਰੂ ਸਾਹਿਬ ਦਸ਼ਮੇਸ਼ ਪਿਤਾ ਜੀ ਨੇ ਪੀਲਾ ਰੰਗ ਰਖਿਆ ਜਿਹੜਾ ਕਿ ਇਹ ਦਰਸਾਉਂਦਾ ਹੈ ਕਿ ਭਗਤੀ ਤੇ ਸ਼ਕਤੀ ਦੇ ਮਿਲਾਵਟ ਨਾਲ ਹੀ ਸੰਸਾਰ ਦਾ ਕੰਮ ਮੁਕੰਮਲ ਹੁੰਦਾ ਹੈ। ਸੋ ਜਿਥੇ ਇਕ ਪਾਸੇ ਸਿਖ, ਇਕ ਸੰਤ ਦੇ ਰੂਪ ਵਿਚ ਹੈ ਉਥੇ ਨਾਲ ਹੀ ਉਹ ਸਿਪਾਹੀ ਭੀ ਹੈ ਗੁਰੂ ਦਾ ਸਿਖ ਇਕ ਸੰਤ ਸਿਪਾਹੀ ਹੈ ਗੁਰੂ ਸਾਹਿਬ ਨੇ ਆਪਣੇ ਜੀਵਨ ਨੂੰ ਇਸਦੇ ਮੁਤਾਬਕ ਢਾਲ ਕੇ ਅਪਣੇ ਸਿਖਾਂ ਨੂੰ ਉਪਦੇਸ਼ ਦਿਤਾ। ਸਿਖ ਇਸ ਰੂਪ ਵਿਚ ਰਹਿਕੇ ਅਕਾਲ ਪੁਰਖ ਦੀ ਔਲਾਦ ਹੁੰਦਿਆਂ ਹੋਇਆਂ ਤੇ ਉਸਦੇ ਗੁਨ ਹਾਸਲ ਕਰਦਾ ਹੋਇਆ ਅਪਨੇ ਆਪ ਨੂੰ ਮੁਕੰਮਲ ਕਰੇਗਾ। ਸੋ ਸਾਮੂਹਕ ਰੂਪ ਵਿਚ ਖੰਡਾ ਇਹ ਜ਼ਾਹਿਰ ਕਰਦਾ ਹੈ ਕਿ ਸਾਰੇ ਸੰਸਾਰ ਵਿਚ ਸਭ ਤੋਂ ਪਹਿਲੀ ਸ਼ਕਤੀ ਉਹ ਹੈ ਜੋ ਨਾਭੀ ਚਕਰ ਤੋਂ ਲੈਕੇ ਦਸਵੇਂ ਦਵਾਰ ਤਕ (ਆਦਮੀ ਦੇ ਮਥੇ ਤਕ) ਹੈ ਅਤੇ ਉਹ ਦੁਨੀਆਂ ਦੇ ਜ਼ੱਰੇ ਜ਼ੱਰ ਵਿਚ' ਦਰਖਤਾਂ ਵਿਚ, ਸਾਰੇ ਜੀਵਾਂ ਵਿਚ ਨਿਰਜੀਵਾਂ ਵਿਚ ਹੈ ਇਸ ਲਈ ਖੰਡਾ ਇਸੇ ਸ਼ਕਤੀ (ਜੀਵਨ ਸੱਤਰਾ) ਨੂੰ ਜ਼ਾਹਿਰ ਕਰਦਾ ਹੈ ਗੁਰੂ ਵਾਕਾਨੁਸਾਰ:—

ਪ੍ਰਥਮ ਖੰਡਾ ਸਾਜਕੇ, ਦੂਤਾਂ ਦਾ ਸਭ ਨਾਸ ਕਰਾਇਆ। ਕਈ ਸਿਖ (ਖਾਸ ਕਰਕੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਮਹਾਰਾਜ ਦੇ ਜਥੇ ਵਾਲੇ। ਕਹਿੰਦੇ ਹਨ ਕਿ ਖੰਡਾ ਖੜਕਾ ਲਵੋ। ਇਨ੍ਹਾਂ ਲਫਜ਼ਾਂ ਨੂੰ ਆਮ ਸਿਖ ਨ ਸਮਝਨ ਕਰਕੇ ਹੈਰਾਨੀ ਦਿਆਂ ਕੰਨਾਂ ਨਾਲ ਸੁਣ ਕੇ ਸਿੰਘਾਂ ਦਾ ਮਤਲਬ ਨਹੀਂ ਸਮਝ ਸਕਦੇ। ਇਸਦਾ ਮਤਲਬ ਹੈ ਕਿ ਅਭਿਆਸ ਕਰੋ ਤੇ ਅੰਦਰ ਗੁਰੂ ਸ਼ਬਦ ਦਾ ਚਕਰ ਚਲਾ ਕੇ ਉਚੇ ਉਠੋ। ਸੋ ਖੰਡਾ ਇਹੋ ਹੀ ਖੰਡਾ ਹੈ ਜਿਸ ਦੀ ਤਰਫ ਇਸ਼ਾਰਾ ਕੀਤਾ ਜਾਂਦਾ ਹੈ। ਇਹ ਖੰਡਾ ਦੁਨੀਆਂ ਵਿਚ ਆਤਮਕ ਸ਼ਕਤੀ ਦੇ ਮਾਰਗ ਨੂੰ ਜ਼ਾਹਰਾ ਕਰਦਾ ਹੈ ਜਿਸਦਾ ਨਿਸ਼ਾਨ ☬ ਇਹ ਹੈ। ਇਹ ਸ਼ਕਤੀ ਹੈ ਜੈਸਾ ਕਿ ਗੁਰੂ ਅਮਰਦਾਸ ਜੀ ਮਹਾਰਾਜ ਜੀ ਨੇ ਫੁਰਮਾਇਆ 'ਸ਼ਿਵ ਸ਼ਕਤਿ ਆਪ ਉਪਾਏ ਕੇ ਕਰਤਾ ਆਪੇ ਹੁਕਮ ਵਰਤਾਏ। ਇਹੀ ਸ਼ਿਵ ਸ਼ਕਤੀ ਹੈ ਜੋ ਸਾਰੇ ਸੰਸਾਰ ਨੂੰ (Control) ਕੰਟਰੋਲ ਕਰਦੀ ਹੈ ਇਸਨੂੰ ਪੈਦਾ ਕਰਨ ਵਾਲੀ ਸ਼ਕਤੀ ਵੀ ਆਖਦੇ ਹਨ। ਖੰਡਾ ਇਸ ਸ਼ਕਤੀ ਨੂੰ ਹੀ ਜ਼ਾਹਿਰ ਕਰਦਾ ਹੈ।

ਖੰਡੇ ਦੇ ਨਾਲ ਦੋ ਤਲਵਾਰਾਂ ਦੁਨੀਆਂ ਦੀਆਂ ਤਿੰਨ ਸ਼ਕਤੀਆਂ ਵਿਚੋਂ ਬਾਕੀ ਦੀਆਂ ਦੋ ਸ਼ਕਤੀਆਂ ਨੂੰ ਜ਼ਾਹਿਰ ਕਰਦੀਆਂ ਹਨ ਜੇਹੜੀਆਂ ਕਿ ਪੈਦਾ ਕਰਨ ਵਾਲੀ ਦੇ ਇਲਾਵਾ, ਇਕ ਪੋਸ਼ਨ ਕਰਨ ਵਾਲੀ ਤੇ ਦੂਜੀ ਨਾਸ਼ ਕਰਨ ਵਾਲੀ ਸ਼ਕਤੀਆਂ ਹਨ:—

ਜਪੁਜੀ ਅਨੁਸਾਰ:—

ਏਕਾ ਮਾਈ ਜੁਗਤਿ ਵਿਆਈ, ਤਿੰਨ ਚੇਲੇ ਪਰਵਾਨ ॥
ਇਕ ਸੰਸਾਰੀ, ਇਕ ਭੰਡਾਰੀ: ਇਕ ਲਾਏ ਦੀਬਾਨ ॥

ਇਹ ਚਕਰ ਜੋ ਨਿਸ਼ਾਨ ਸਾਹਿਬ ਵਿਚ ਹੈ ਕਿ ਇਸ ਸੰਸਾਰ ਦਾ ਆਦਿ ਤੋਂ ਅੰਤ ਇਕ ਹੈ ਮਨੁਖ ਤੇ ਹੋਰ ਸਾਰੀ ਕਾਇਨਾਤ ਜਿਥੋਂ ਚਲੀ ਹੈ ਉਥੇ ਹੀ ਮੁੜਕੇ ਉਸਨੇ ਪਹੁੰਚਨਾ ਹੈ। ਅਸੀਂ ਅਨੰਤ ਵਿਚੋਂ ਨਿਕਲੇ ਹਾਂ ਅਸਾਂ ਅਨੰਤ ਵਿਚ ਹੀ ਸਮਾਨਾ ਹੈ, ਦੁਨੀਆਂ ਦੀ ਹਰੇਕ ਚੀਜ਼ ਆਪਣੇ ਅੰਤ (end) ਵਲ ਜਾ ਰਹੀ ਹੈ। ਉਦਾਹਰਨ ਦੇ ਤੌਰ ਤੇ ਤੁਸੀ ਜ਼ੱਰੇ ਨੂੰ ਲਵੋ ਇਸ ਦੇ ਟੁਕੜੇ ਕਰਦੇ ਜਾਉ, ਕਰਦੇ ਜਾਉ, ਫੇਰ ਕਰਦੇ ਜਾਉ। ਅੰਤ ਵਿਚ ਆਪ ਨੂੰ ਉਸਦਾ ਇਕ ਐਸਾ ਹਿਸਾ ਕਰਨਾ ਹੋਵੇਗਾ ਜਿਸ ਦੀ ਹੋਂਦ (existena ਆਮ ਦੁਨੀਆਂ ਦੀ ਵਡੀ ਤੋਂ ਵਡੀ ਖੁਰਦਬੀਨ ਨਾਲ ਵੀ ਨਹੀਂ ਦੇਖ ਸਕੋਗੇ ਇਸ ਤੋਂ ਮਗਰੋਂ ਵੀ ਜਦੋਂ ਆਪ ਉਸੇ ਵੀ ਖੰਡਤ ਕਰਦੇ ਜਾਵੋਗੇ ਤਾਂ ਫੇਰ ਇਸ ਜ਼ੱਰੇ ਦਾ ਨਿਸ਼ਾਨ ਵੀ ਨਹੀਂ ਰਹੇਗਾ। ਇਸ ਦਾ ਮਤਲਬ ਇਹ ਨਿਕਲਿਆ ਕਿ ਦੁਨੀਆਂ ਦੀ ਹਰੇਕ ਚੀਜ਼ ਨਾਸ ਵਲ ਜਾ ਰਹੀ ਹੈ। ਨਾਸ਼ ਦਾ ਦੂਜਾ ਨਾਉ ਆਪਣੇ ਅਸਲੇ ਵਿਚ ਸਮਾਉਣਾ ਹੈ ਤੇ ਇਥੇ ਵੀ ਇਹੋ ਹੀ ਕਹਿਨਾ ਜ਼ਰੂਰੀ ਹੋਵੇਗਾ ਕਿ ਚੂੰਕਿ ਹਰੇਕ ਚੀਜ਼ ਆਪਣੇ



www.AKJ.Org

ਅੰਤ ਦੀ ਤਰਫ਼ ਜਾ ਰਹੀ ਹੈ ਤੇ ਇਸਦਾ ਜੋ ਅੰਤ ਹੈ ਸਮੇਂ ਤੇ ਜਗਾ ਦੀ ਹਦ ਤੋਂ ਪਰੇ ਹੈ ਤਾਂ ਫੇਰ ਇਹ ਹੀ ਤੈਅ ਹੋਇਆ ਕਿ ਹਰੇਕ ਚੀਜ਼ ਦੀ ਰਵਸ਼ (ਉਸਦੀ ਹੋਂਦ ਤੋਂ ਅੰਤ ਤਕ) ਜ਼ਾਹਿਰ ਕਰਨ ਦੀ ਨਿਸ਼ਾਨੀ "ਚਕਰ" ਹੈ ਜੋ ਨਿਸ਼ਾਨ ਸਾਹਿਬ ਵਿਚ ਪ੍ਰਕਾਸ਼ਮਾਨ ਹੈ ਬਾਕੀ ਦੋ ਤਲਵਾਰਾਂ ਸਾਮੂਹਕ ਰੂਪ ਵਿਚ ਸੰਸਾਰ ਦੀਆਂ ਪੋਸ਼ਨ ਕਰਨ ਵਾਲੀ ਤੇ ਨਾਸ਼ ਕਰਨ ਵਾਲੀਆਂ ਦੋ ਸ਼ਕਤੀਆਂ ਦਾ ਪ੍ਰਤੀਕ ਹਨ ਜੈਸਾ ਕਿ ਦਸਿਆ ਗਿਆ ਹੈ।

III· (ਕਲਚਰਲ ਰੂਪ ਵਿਚ) ਸਾਡੀ ਪੁਰਾਨੀ ਕਲਚਰ ਜੇਹੜੀ ਕਿ ਹਿੰਦੋਸਤਾਨ ਦੀ ਪ੍ਰਸਿਧ ਕਲਚਰ ਪੁਰਾਣੇ ਜ਼ਮਾਨੇ ਵਿਚ ਰਹੀ ਹੈ ਇਹ ਜ਼ਾਹਿਰ ਕਰਦੀ ਹੈ ਕਿ ਇਨਸਾਨ ਸ਼ਕਤੀ ਰਖਦਿਆਂ ਹੋਇਆਂ ਵੀ ਦਯਾਵਾਨ ਹੈ ਅਤੇ ਸੋ ਇਹੋ ਇਸ ਗਲ ਦਾ ਸਬੂਤ ਹੋਇਆ ਕਿ ਸਾਡੀ ਆਪਣੀ ਕਲਚਰ ਜੇਹੜੀ ਕਿ ਸ਼ਕਤੀ ਨਾਲ ਦਯਾ ਦੇ ਮੇਲ ਰਖਦੀ ਹੈ ਸੋ ਇਹ ਚਕਰ ਸਾਨੂੰ ਉਤਮ ਇਨਸਾਨ ਦੀ ਇਕ ਐਸੀ ਸਿਫ਼ਤ ਦੀ ਯਾਦ ਦਿਲਾਉਂਦਾ ਹੈ ਜਿਸ ਵਿਚ ਤਾਨ ਹੁੰਦੇ ਹੋਏ ਨਿਤਾਨਾ ਦਾ ਜਜ਼ਬਾ ਭਰਪੂਰ ਹੈ।

ਬਾਕੀ ਇਹ ਦੋ ਤਲਵਾਰਾਂ ਸਵੱਛ ਕਲਾ ਨੂੰ ਜਾਹਿਰ ਕਰਦੀਆਂ ਹਨ ਕਿ ਹਿੰਦੋਸਤਾਨ ਦੀ ਕਲਾ ਕਿਸ ਚੋਟੀ ਤੇ ਸੀ ? ਤੇ ਇਹ ਗਲ ਸਾਨੂੰ ਯਾਦ ਰਖਨੀ ਚਾਹੀਦੀ ਹੈ ਤੇ ਸਵੱਛ ਕਲਾ ਨੂੰ ਅਪਨਾਉਣਾ ਚਾਹੀਦਾ ਹੈ ਇਥੇ ਇਹ ਵੀ ਕਹਿਣਾ ਜ਼ਰੂਰੀ ਹੈ ਕਿ ਮਨੁਖ ਵਿਚ ਐਸੇ ਬਾਲਕ ਦੀ ਅਕਲ ਹੋਵੇ ਜੇਹੜੀ ਕਿ ਭੋਲਾਪਨ ਤੇ ਸਾਦਾ ਪਨ ਜ਼ਾਹਿਰ ਕਰੇ ਪਰ ਇਹ ਅਕਲ ਸੁਜਾਨ ਹੋਣੀ ਚਾਹੀਦੀ ਹੈ। ਇਹ ਨਿਸ਼ਾਨ ਸਾਹਿਬ ਸਾਡੀ ਪੁਰਾਨੀ ਹਿੰਦੋਸਤਾਨੀ ਕਲਚਰ ਦਾ ਪ੍ਰਤੀਕ ਹੈ ਇਸਦਾ ਚਕਰ ਇਹ ਦਸਦਾ ਹੈ ਕਿ ਸਾਨੂੰ ਲੋਟ ਕੇ ਆਪਣੀ ਪੁਰਾਨੀ ਕਲਚਰ ਵਲ ਜਾਨਾ ਚਾਹੀਦਾ ਹੈ ਜੇਹੜੀ ਕਿ ਗੁਣਾਂ ਨਾਲ ਭਰਪੂਰ ਸੀ।

ਸੋ ਪਾਠਕ ਸਜਨੋਂ ! ਸਾਡੇ ਲਈ ਨਿਸ਼ਾਨ ਸਾਹਿਬ ਦਾ ਸਨਮਾਨ ਕਰਨਾ ਸਭ ਤੋਂ ਪਹਿਲਾ ਫ਼ਰਜ਼ ਹੈ ਤੇ ਇਸ਼ਦੇ ਗੁਣਾਂ ਨੂੰ ਚ ਤੇ ਰਖਣਾ ਜਰੂਰੀ ਹੈ।

---


## ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਦੀ ਸਾਲਾਨਾ ਯਾਦ ਹਿਤ

# ਅਨਮੋਲ ਸੁਗਾਤ—"ਸੂਰਾ ਅੰਕ"

'ਸੂਰਾ' ਪਟਿਆਲਾ ਦੇ ਪਾਠਕਾਂ ਨੂੰ ਇਹ ਜਾਣਕੇ ਅਤੀ ਪ੍ਰਸੰਨਤਾ ਹੋਵੇਗੀ ਕਿ 'ਸੂਰਾ' ਦਾ ਅਗਲਾ ਪ੍ਰਚਾ **ਗੁਰਪੁਰਵਾਸੀ ਭਾ: ਸਾਹਿਬ ਭਾ: ਰਣਧੀਰ ਸਿੰਘ ਜੀ ਦੀ ਸਾਲਾਨਾ ਯਾਦਗਾਰ ਅਤੇ ਖਾਲਸਾ ਪੰਥ ਦੇ ਜਨਮ ਉਤਸ਼ਵ ਸਬੰਧੀ** ਛਪ ਰਿਹਾ ਹੈ, ਜਿਸ ਵਿਚ ਉਚ-ਕੋਟੀ ਦੇ ਵਿਦਵਾਨਾਂ ਦੇ ਲੇਖ ਅਤੇ ਕਵੀ ਸਜਣਾਂ ਦੀਆਂ ਕਵਿਤਾਵਾਂ ਹੋਣਗੀਆਂ। ਇਸ ਅੰਕ ਦੇ ਟਾਈਟਲ ਤੇ ਭਾਈ ਸਾਹਿਬ ਜੀ ਦੀ ਦੋਰੰਗੀ ਫੋਟੋ ਹੋਵੇਗੀ। ਇਸ ਲਈ ਪਾਠਕਾਂ ਨੂੰ ਇਹ ਅਨਮੋਲ ਸੁਗਾਤ 'ਸੂਰਾ ਅੰਕ' ਪੜ੍ਹਣ ਲਈ ਹੁਣ ਤੋਂ ਹੀ ਪ੍ਰਬੰਧ ਕਰ ਲੈਣਾ ਚਾਹੀਦਾ ਹੈ।

ਦਾਸ—ਮੈਨੇਜਰ, 'ਸੂਰਾ' ਪਟਿਆਲਾ





www.AKJ.Org

# ○ ਹੋਲੀ ਤੇ ਹੋਲਾ ○

( ਵਲੋਂ—ਭਾਈ ਜਗਤ ਸਿੰਘ 'ਜਗਤ' ਫਤੇਵਾਲ )

ਪੁਰਾਤਨ ਤਿਉਹਾਰਾਂ ਵਿਚੋਂ ਹੋਲੀ ਦਾ ਵੀ ਇਕ ਤਿਉਹਾਰ ਹਿੰਦੂ ਸਮਾਜ ਵਿਚ ਤੁਰਿਆ ਆ ਰਿਹਾ ਹੈ ਮਗਰ ਦੇਸ਼ ਦੀ ਆਰਥਕ ਤੇ ਆਤਮਕ ਅਵਸਥਾ ਨੂੰ ਇਸ ਦਾ ਅਮਲੀ ਲਾਭ ਗੁਰਮਤਿ ਅਨੁਸਾਰ ਕੁਝ ਨਹੀਂ ਐਵੇਂ ਲਕੀਰ ਦੇ ਫ਼ਕੀਰ ਲੋਕਾਂ ਨੇ ਭੇਡਾਂ ਚਾਲੀ ਹੀ ਬਣਾ ਰਖੀ ਹੈ। ਹੋਲੀ ਦੇ ਤਿਉਹਾਰ ਬਾਰੇ ਰਵਾਇਤ ਮਸ਼ਹੂਰ ਇਹ ਹੈ ਕਿ ਹਰਨਾਖਸ਼ ਦੈਂਤ ਦੀ ਭੈਣ ਹੋਲਕਾਂ ਨੂੰ ਦੇਵਤਿਆਂ ਨੇ ਇਕ ਚਾਦਰ ਬਖਸ਼ੀ ਹੋਈ ਸੀ ਜਿਸ ਨਾਲ ਇਹ ਲਾਭ ਸੀ ਕਿ ਜੇਕਰ ਇਸ ਨੂੰ ਕੋਈ ਉਪਰ ਓਹੜ ਕੇ ਅਗਨੀ ਵਿਚ ਵੀ ਬੈਠ ਜਾਏ ਤਾਂ ਅਗਨੀ ਦਾ ਸੇਕ ਵੀ ਨਹੀਂ ਸੀ ਪੋਹ ਸਕਦਾ। ਹਰਨਾਖਸ਼ ਦੈਂਤ ਨੂੰ ਪੁਤਰ ਪ੍ਰਹਿਲਾਦ ਨੂੰ ਜਾਨੋਂ ਮਾਰਨ ਦਾ ਢੰਗ ਸਹਿਜ ਹੀ ਮਿਲ ਗਿਆ। ਉਹਨੇ ਆਪਣੀ ਭੈਣ ਹੋਲਕਾਂ ਨੂੰ ਇਹ ਤਜਵੀਜ਼ ਪੇਸ਼ ਕੀਤੀ ਕਿ ਤੂੰ ਪ੍ਰਹਿਲਾਦ ਨੂੰ ਲੈ ਕੇ ਲਕੜੀਆਂ ਵਿਚ ਬੈਠ ਜਾ ਤੇ ਉਹ ਚਾਦਰ ਓਹੜ ਲੈ ਅਸੀਂ ਅਗਨੀ ਪ੍ਰਚੰਡ ਕਰ ਦੇਵਾਂਗੇ ਜਿਸ ਨਾਲ ਤੂੰ ਤਾਂ ਬਚ ਹੀ ਜਾਵੇਂਗੀ ਤੇ ਪ੍ਰਹਿਲਾਦ ਸੜ ਕੇ ਸੁਆਹ ਹੋ ਜਾਏਗਾ। ਅਕਾਲ ਪੁਰਖ ਦੀ ਕਰਨੀ ਹੋਇਆ ਇਸ ਤੋਂ ਉਲਟਾ ਜਦੋਂ ਅਗਨੀ ਪ੍ਰਚੰਡ ਕੀਤੀ ਤਾਂ ਹਵਾ ਦਾ ਬੁਲ੍ਹਾ ਆਇਆ ਜਿਸ ਨਾਲ ਹੋਲਕਾਂ ਦੀ ਚਾਦਰ ਲਹਿ ਕੇ ਨੇੜੇ ਬੈਠੇ ਭਗਤ ਪ੍ਰਹਿਲਾਦ ਤੇ ਜਾ ਡਿੱਗੀ ਹੋਲਕਾਂ ਸੜ ਗਈ ਤੇ ਸੁਆਸ ਸੁਆਸ ਵਾਹਿਗੁਰੂ ਜਪਨੇ ਵਾਲਾ ਪ੍ਰਮੇਸ਼ਰ ਦਾ ਪਿਆਰਾ ਭਗਤ ਪ੍ਰਹਿਲਾਦ ਜਿਉਂ ਦਾ ਤਿਉਂ ਬਚ ਗਿਆ। ਹਿੰਦੂ ਸਮਾਜ ਏਸੇ ਭਾਵ ਨੂੰ ਅਜ ਤੀਕ ਰੰਗ ਡੋਲ੍ਹ ਡੋਲ੍ਹ ਕੇ ਕਮਲਾ ਹੋ ਰਿਹਾ ਹੈ। ਇਹ ਕੌਣ ਕਹੇ ਕਿ ਪ੍ਰਹਿਲਾਦ ਦਾ ਨਿਸ਼ਾਨਾ ਧਾਰਨ ਕਰੋ, ਇਕ ਰੱਬ ਦੇ ਉਪਾਸ਼ਕ ਬਣ ਕੇ ਸਿਖੀ ਧਾਰਨ ਕਰੋ ਤੇ ਗੁਰੂ ਦਾ ਪੰਜ ਕੱਕਾਰੀ ਅੰਮ੍ਰਿਤ ਪਾਨ ਕਰ ਕੇ ਗਿਆਨੀਆਂ ਦੇ ਮਾਰਗ ਚਲੋ।

ਕਲਯੁੱਗ ਤਾਰਨਹਾਰ ਸਤਿਗੁਰ ਨਾਨਕ ਦੇਵ ਜੀ ਨੇ ਪਹਿਲੇ ਜਾਮੇ ਵਿਚ ਹੀ ਸਮਾਜ ਨੂੰ ਮੋੜਨ ਦਾ ਤੇ ਕੁਰੀਤੀਆਂ ਨੂੰ ਕੁਚਲਣ ਦਾ ਨਕਸ਼ਾ ਉਲੀਕਿਆ ਸੀ ਜਿਸ ਲਈ ਆਪ ਜੀ ਨੇ ਪੰਜਵੇਂ ਜਾਮੇ ਵਿਚ ਤੱਤੀ ਤੱਵੀ ਤੇ ਆਸਣ ਲਾ ਕੇ ਉਹ ਘੋਰ ਤਪਸਿਆ ਕੀਤੀ ਜਿਸ ਨਾਲ ਕਰਮ ਕਾਂਡੀਆਂ ਦੇ ਸਿਰ ਸਦਾ ਲਈ ਸ਼ਰਮਾ ਗਏ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਹੀ ਸਿਖੀ ਸਿਦਕ ਲਈ ਕੁਰਬਾਨ ਹੋਣ ਦਾ ਸਿਖਾਂ ਸੇਵਕਾਂ ਨੂੰ ਜਜ਼ਬਾ ਬਖ਼ਸ਼ ਕੇ ਅਮਰ ਸ਼ਹੀਦੀ ਬੂਟਾ ਲਾਇਆ ਸੀ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਗੁਰੂ ਨਾਨਕ ਦੇਵ ਜੀ ਦਾ ਦਸਵਾਂ ਜਾਮਾਂ ਪ੍ਰਾਪਤ ਹੋਇਆ। ਸਚੇ ਪਾਤਸ਼ਾਹ ਅਕਾਲ ਪੁਰਖ ਤੋਂ ਸਾਰਾ ਪ੍ਰੋਗਰਾਮ ਲੈ ਕੇ ਹੀ ਹਿੰਦੁਸਤਾਨ ਦੀ ਪਵਿਤ੍ਰ ਧਰਤੀ ਸ੍ਰੀ ਪਟਨਾ ਸ਼ਹਿਰ ਵਿਖੇ ਪ੍ਰਗਟ ਹੋਏ। ਆਪ ਨੇ ਗੁਰੂ ਨਾਨਕ ਦੇਵ ਜੀ ਦੀ ਗੋਦ ਵਿਚੋਂ ਨਿਕਲੇ ਹੋਏ ਸਿਖੀ ਪੰਥ ਨੂੰ ਹੋਰ ਵੀ ਚੜ੍ਹਦੀ ਕਲਾ ਬਖਸ਼ੀ। ਅਕਾਲ ਪੁਰਖ ਨੇ ਦਸਵੇਂ ਪਾਤਸ਼ਾਹ ਨੂੰ ਇਹਨਾਂ ਦੀ ਨਾਮ ਕਮਾਈ ਅਨੁਸਾਰ ਆਪਣਾ ਪੁੱਤਰ ਕਹਿ ਕੇ ਸਾਜਿਆ ਤੇ ਨਿਵਾਜਿਆ। ਨੌਂ ਸਾਲ ਦਾ ਕਿਹੜਾ ਬਾਲਿਕ ਹੈ ਜਿਹੜਾ ਪ੍ਰਉਪਕਾਰ



www.AKJ.Org

ਲਈ ਆਪਣੇ ਪਿਤਾ ਪਿਆਰੇ ਦਾ ਬਲੀਦਾਨ ਕਰ ਦੇਵੇ ਵਾਹ ਸੰਤ ਸਿਪਾਹੀਆ ਤੈਂ ਤੇ ਕੁਰਬਾਨੀਆਂ ਦਾ ਸੂਰਜ ਹੀ ਚੜ੍ਹਾ ਦਿਤਾ ਏ। ਬਾਜਾਂਵਾਲੇ ਨੇ ਧਰਮ ਲਈ ਮਾਪੇ, ਹੁਸਨ ਤੇ ਜਵਾਨੀ ਨਿਛਾਵਰ ਕਰ ਛਡੇ।

ਕਲਗੀਧਰ ਪਾਤਸ਼ਾਹ ਨੇ ਜੋ ਕੁਝ ਕਿਹਾ ਅਕਾਲ ਪੁਰਖ ਦੀ ਮਿਹਰ ਨਾਲ ਉਸਨੂੰ ਅਮਲੀ ਕਰਕੇ ਵੀ ਦਿਖਾਲਿਆ। ਦੇਸ਼ ਵਿਚੋਂ ਜਾਬਰਾਂ ਤੇ ਜ਼ਾਲਿਮਾਂ ਦਾ ਸਫ਼ਾਇਆ ਕਰਨ ਲਈ ਹੀ ਆਪ ਜੀ ਨੇ ਘਾਲਣਾ ਘਾਲੀਆਂ। ਖ਼ਾਲਸਾ ਪ੍ਰਗਟਾਨ ਤੋਂ ਬਾਅਦ ਆਪ ਜੀ ਨੇ ਸਿੰਘਾਂ ਨੂੰ ਸ਼ਸਤਰ ਘੋੜੇ ਰਖਣ ਦੀ ਪ੍ਰੇਰਨਾ ਕੀਤੀ ਤੇ ਸ਼ਸਤਰ ਵਿਦਿਆ ਦੇ ਵਸੀਲੇ ਬਣਾਏ। ਰਣਜੀਤ ਨਗਾਰਾ ਪਹਿਲੋਂ ਪਹਿਲ ਅਨੰਦਪੁਰ ਦੀ ਧਰਤੀ ਪਰ ਹੀ ਵੱਜਿਆ ਸੀ ਜਿਸ ਨਾਲ ਬਾਈਧਾਰ ਦੇ ਹਿੰਦੂ ਰਾਜੇ ਕੁਰਲਾ ਉਠੇ ਸੀ। ਸਿੰਘਾਂ ਵਿਚ ਕਲਗੀਧਰ ਲਈ ਅਕਹਿ ਪਿਆਰ ਸੀ ਜਿਸ ਤੇ ਉਹ ਆਪਣੇ ਸੀਸ ਭੇਟ ਕਰਨੋਂ ਜ਼ਰਾ ਸੰਕੋਚ ਨਹੀਂ ਸਨ ਕਰਦੇ। ਤਿਆਰ ਬਰ ਤਿਆਰ ਸਿੰਘਾਂ ਨੂੰ ਦਸਮੇਸ਼ ਪਿਤਾ ਬੜੇ ਬੜੇ ਸਿਰੋਪਾ, ਘੋੜੇ ਸ਼ਸਤਰ ਆਦਿ ਆਪਣੇ ਹਥੀਂ ਬਖ਼ਸ਼ ਕੇ ਨਿਵਾਜਦੇ ਸਨ।

ਹਿੰਦੂ ਸਮਾਜ ਬੜੇ ਚਿਰਾਂ ਤੋਂ ਜਾਬਰਾਂ ਹਥੋਂ ਦਬਿਆ ਆ ਰਿਹਾ ਸੀ ਜਿਸ ਨਾਲ ਉਹ ਚੜਦੀ-ਕਲਾ ਤੋਂ ਅਸਮਰਥ ਸਨ। ਪਹਾੜੀ ਹਿੰਦੂ ਰਾਜੇ ਵਧੇਰੇ ਪੱਥਰ ਪੂਜ ਹੀ ਸਨ ਤੇ ਉਹ ਖਾਲਸਾ ਨਿਰੋਲ ਪੰਥ ਪਰ ਆਪਣੇ ਹਿੰਦੂ ਮਨਮਤ ਕੁਰੀਤੀਆਂ ਦੇ ਜਾਲ ਪਾਉਣ ਦੇ ਹੀਲੇ ਕਰ ਰਹੇ ਸਨ ਜਿਸ ਲਈ ਦਸਮੇਸ਼ ਪਿਤਾ ਨੂੰ ਅਕਾਲ ਪੁਰਖ ਨੇ ਮਹਾਨ ਸ਼ਕਤੀਆਂ ਬਖਸ਼ੀਆ। ਥੋੜੇ ਹੀ ਸਮੇਂ ਵਿਚ ਕਲਗੀਧਰ ਪਿਤਾ ਜੀ ਨੇ ਮਹਾਨ ਪੂਰਨੇ ਪਾਏ। ਗੁਰਮਤ ਪ੍ਰਚਾਰ ਵਧਾਏ ਤੇ ਖਾਲਸਾ ਪੰਥ ਨੂੰ ਅਪਣੀ ਨਜ਼ਰਾਂ ਵਿਚ ਆਪਣਾ ਸਰੂਪ ਦੇਖਣ ਦਾ ਸੁਫਨਾ ਪੂਰਾ ਕਰ ਲਿਆ। ਸਿੰਘਾਂ ਨੂੰ ਬੜੀ ਰੀਝ ਸੀ ਵਧੀਆ ੨ ਸ਼ਸਤਰ ਘੋੜੇ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਪਾਸ ਆਇਆ ਕਰਦੇ ਸਨ।

ਹੋਲੀਆਂ ਦੀ ਰੀਤੀ ਹਿੰਦੂ ਸਮਾਜ ਵਿਚ ਪ੍ਰਚਲਤ ਸੀ ਜਿਸ ਤੋਂ ਦੇਸ਼ ਦੀ ਉਨਤੀ ਦਾ ਕੋਈ ਸਾਧਨ ਨਹੀਂ ਸੀ। ਬਾਜਾਂਵਾਲੇ ਨੇ ਖਾਲਸਾ ਪੰਥ ਸਾਜਨ ਤੋਂ ਬਾਅਦ ਜ਼ਾਲਿਮਾਂ ਜਾਬਰਾਂ ਨੂੰ ਸਿਧਿਆਂ ਕਰਨ ਲਈ ਭਾਰੀ ਯਤਨ ਆਰੰਭ ਕੀਤੇ। ਹਜ਼ੂਰ ਸੱਚੇ ਪਾਤਸ਼ਾਹ ਸਾਹਿਬੇ-ਕਮਾਲ ਦਸਮੇਸ਼ ਜੀ ਨੇ ਅੰਮ੍ਰਿਤਧਾਰੀ ਸਿੰਘਾ ਨੂੰ ਜਥੇਬੰਦ ਕਰਕੇ ਮੁਕੰਮਲ ਜੰਗ ਕਰਨੇ ਲਈ ਉਚੇਚਾ ਪਰੇਰਨਾਂ ਕੀਤੀ। ਹਿੰਦੂ ਲੋਗ ਹੋਲੀਆਂ ਖੇਡਦੇ ਹੁੰਦੇ ਸਨ ਮਗਰ ਦਸਮੇਸ਼ ਜੀ ਨੇ ਹੋਲਾ ਸਿੰਘਾਂ ਨੂੰ ਨਾਲ ਲੈਕੇ ਖੇਡਿਆ, ਹੁਕਮ ਜਾਰੀ ਕਰਕੇ ਸਮੂਹ ਸਿੰਘ ਸਰਦਾਰਾਂ ਨੂੰ ਅਨੰਦਪੁਰ ਇਕਠਿਆਂ ਕੀਤਾ। ਹੋਲਾ ਦਸਮੇਸ਼ ਜੀ ਦੀਆਂ ਅਮਿਟ ਯਾਦਾਂ ਵਿਚੋਂ ਇਕ ਅਮਿਟ ਯਾਦ ਹੈ। ਦਸਮੇਸ਼ ਪਿਤਾ ਜੀ ਨੇ ਅਠਾਰਵੀਂ ਸਦੀ ਦੇ ਮੱਧਕਾਲ ਪਹਿਲਾਂ ਹੋਲਾ ਖੇਡਿਆ ਸੀ।

ਹੋਲੇ ਮਹਲੇ ਦੇ ਆਰੰਭ 'ਚ ਨਿਰੋਲ ਕਵੀ ਦੀਵਾਨ ਸਿੰਘਾਂ ਵਲੋਂ ਸਜਾਏ ਜਾਂਦੇ ਸੀ, ਕਲਗੀਧਰ ਜੀ ਸੂਰਮਿਆਂ ਤੋਂ ਜੰਗੀ ਵਾਰਾਂ ਸੁਣ ਕੇ ਅਤੀਅੰਤ ਖੁਸ਼ ਹੋਇਆ ਕਰਦੇ ਸਨ। ਹੋਲੀਆਂ ਦੇ ਅੰਤ ਵਿਚ ਦਸਮੇਸ਼ ਜੀ ਨੇ ਹੋਲੇ ਦੀ ਰਸਮ ਜਾਰੀ ਕੀਤੀ। ਸਿੰਘਾਂ ਸਿੰਘਣੀਆਂ ਨੂੰ ਹੋਲੇ ਮਹਲੇ ਦਾ ਬੇਅੰਤ ਚਾਉ ਉਪਜਿਆਂ ਸੀ। ਕਲਗੀਧਰ ਜੀ ਨੇ ਸੂਰਬੀਰਾਂ ਨੂੰ ਦੋ ਹਿਸਿਆਂ ਵਿਚ ਵੰਡ ਕੇ ਨਕਲੀ ਲੜਾਈ ਕਰਵਾਈ ਸੀ। ਦੇਖਣ ਵਾਲਿਆਂ ਤੇ ਉਸ ਪਹਿਲੇ ਹੋਲੇ ਮਹਲੇ ਦਾ ਬੇਹਦ ਢੁਕਵਾਂ ਅਸਰ ਹੋਇਆ ਸੀ। ਚਿਤਰਿਆਂ ਵਾਂਗ ਘੋੜੇ ਮੈਦਾਨ ਵਿਚ ਖਾਲਸਈ ਜੋਸ਼ ਪ੍ਰਗਟਾਂਦੇ ਹੁਮ ਹੁਮਾਂਦੇ ਸਨ। ਬਰਛੀਆਂ ਦੀ ਜੰਗ ਹੁੰਦੀ ਤੇ ਬਹਾਦਰ ਸਿੰਘ ਸਰਦਾਰ ਤਲਵਾਰਾਂ ਨਾਲ ਗਤਕਾ ਖੇਲਦੇ ਐਸੇ ਪੈਂਤਰ ਤੇ ਆਉਂਦੇ ਜਿਵੇਂ ਹਰਨ ਹਰੀਆਵਲ ਵਿਚ ਚੁੰਗੀਆਂ ਮਾਰਿਆ ਕਰਦੇ ਹਨ। ਦੁਪਾਸਿਉਂ ਸੂਰਮੇਂ ਤੀਰਾਂ ਦੀ ਵਰਖਾ ਕਰਕੇ ਐਸੀ ਪ੍ਰਭਾਵਤ ਲੜਾਈ ਲੜਦੇ ਕਿ ਦੇਖਣ ਵਾਲੇ ਮੂੰਹ ਵਿਚ ਉਂਗਲਾਂ ਪਾ ਦਸਮੇਸ



www.AKJ.Org

ਪਿਤਾ ਦੀ ਬਲ ਬੀਰਤਾ ਵਲ ਤੱਕਦੇ ਹੋਏ ਆਖਦੇ ਕਿ ਹੁਣ ਜ਼ਰੂਰ ਹੀ ਔਰੰਗੇ ਪਾਪੀ ਦੇ ਪਾਪ ਰਾਜ ਦੀਆਂ ਜੜ੍ਹਾਂ ਪਟੀਆਂ ਜਾਣਗੀਆਂ। ਕਲਗ ਧਰ ਜੀ ਬਹਾਦਰ ਸਿੰਘਾਂ ਦੇ ਜੰਗੀ ਕਰਤਵ ਦੇਖ ਅਕਾਲ ਪੁਰਖ ਜੀ ਦਾ ਧੰਨਵਾਦ ਕਰਦੇ ਬੇਅੰਤ ਸ਼ੁਕਰ ਗੁਜ਼ਾਰਦੇ। ਅਖੀਰ ਹੋਲਾ ਮਹਲਾ ਇਕ ਬੜੇ ਜਲੂਸ ਦੀ ਸ਼ਕਲ ਵਿਚ ਜਮਾਂ ਹੋਕੇ ਗੁਰੂ ਦੀ ਨਗਰੀ ਨੂੰ ਪ੍ਰਨਾਮ ਕਰਕੇ ਵਾਪਸ ਘਰਾਂ ਵਲ ਚਾਲ ਪਾਉਂਦਾ ਸੀ। ਹਰ ਸਾਲ ਜਿਤਨਾਂ ਸਮਾਂ ਸਤਿਗੁਰੂ ਜੀ ਅਨੰਦਪੁਰ ਰਹੇ ਸਿੰਘ ਹੋਲਾ ਜਿਉਂ ਕਾ ਤਿਉਂ ਖੁਸ਼ੀਆਂ ਨਾਲ ਮਨਾਇਆ ਕਰਦੇ ਸੀ ਜਿਸ ਨੂੰ ਅਜ ਵੀ ਸਿੰਘਾਂ ਆਪਣਾ ਫਰਜ਼ ਬਣਾਇਆ ਹੈ ਕਿਹ ਇਹ ਦਸਮੇਸ਼ ਜੀ ਦੀ ਆਪਣੀ ਕਾਢ ਦਾ ਜ਼ਿੰਦਾ ਸਬੂਤ ਹੈ। ਇਸ ਨੂੰ ਕਾਇਮ ਹੀ ਰਖਣਾ ਹੈ।

ਹਿੰਦੋਸਤਾਨ ਤੋਂ ਛੁਟ ਬਾਹਰਲੇ ਮੁਲਕਾਂ ਤੋਂ ਵੀ ਯਾਤਰੂ ਸ੍ਰੀ ਅਨੰਦ ਪੁਰ ਸਾਹਿਬ ਦਸਮੇਸ਼ ਜੀ ਦੀ ਅਮਰ ਯਾਦਾਂ ਨੂੰ ਦੇਖਣ ਹਰ ਸਾਲ ਹੁਮ ਹੁਮਾਕੇ ਆਉਂਦੇ ਹਨ। ਅਨੰਦ ਪੁਰ ਸਾਹਿਬ ਵਿਖੇ ਦਸਵੇਂ ਪਾਤਸ਼ਾਹ ਦੀਆਂ ਬੇਅੰਤ ਮਹਾਨ ਅਮਰ ਯਾਦਾਂ ਹਨ। ਸਤਿਗੁਰੂ ਜੀ ਦਾ ਇਹ ਨਿਵਾਇਸ਼ੀ ਸ਼ਹਿਰ ਹੈ। ਉਨ੍ਹਾਂ ਦੇ ਰੱਖੇ ਹੋਏ ਕਦਮ ਕਦਮ ਤੇ ਗੁਰਬਾਣੀ ਦਾ ਪ੍ਰਕਾਸ਼ ਹੋਇਆ ਸਿੰਘਾਂ ਦਿਆਂ ਪੂਰਨਿਆਂ ਨੂੰ ਪ੍ਰਗਟਾ ਰਿਹਾ ਹੈ। ਗੁਰੂ ਕੇ ਲਾਹੌਰ ਤੋਂ ਪਤਾਲ ਪੁਰੀ ਦੇ ਅੰਦਰ ਦਸਮੇਸ਼ ਜੀ ਦੀਆਂ ਬੇਅੰਤ ਅਮਰ ਯਾਦਾਂ ਠਾਠਾਂ ਮਾਰ ਰਹੀਆਂ ਹਨ। ਅਫਸੋਸ! ਗੋਰੇ ਸ਼ਾਹੀ ਹਕੂਮਤ ਬਦਲ ਗਈ ਤੇ ਭਾਰਤ ਵਰਸ਼ 'ਚ ਆਪਣਾ ਰਾਜ ਸਥਾਪਤ ਹੋਇਆ ਤੇ ਹੁਣ ਪੰਜਾਬੀ ਸੂਬਾ ਵੀ ਬਣ ਗਿਆ ਮਗਰ ਖਾਲਸਈ ਹਿਰਦਾ ਗੁਰਮਤ ਵਲੋਂ ਸੰਤੁਸ਼ਟ ਨਾਂ ਹੋ ਸਕਿਆ। ਅਨੰਦਪੁਰ ਦੀ ਧਰਤੀ ਦੇ ਅੰਦਰ ਮਣਾਂ ਮੂੰਹ ਤੰਬਾਕੂ ਦੁਕਾਨਾਂ ਤੇ ਧਰਿਆ ਦੇਖ ਚਿਤ ਅੰਗਿਆਰ ਹੋ ਜਾਂਦਾ ਹੈ। ਸਾਡੇ ਮੁਖੀ ਪ੍ਰਬੰਧਕ ਲੀਡਰਾਂ ਦੀ ਪਵਿਤਰ ਨਗਰੀਉਂ ਇਸ ਗੰਦਗੀ ਨੂੰ ਸਮੁੰਦਰ ਵਿਚ ਡੋਬਨ ਤੇ ਰੋੜ੍ਹਨ ਦੇ ਵਸੀਲੇ ਸੋਚਣਗੇ? ਜੇ ਇਨ੍ਹਾਂ ਪਵਿਤਰ ਸਥਾਨਾਂ ਵਿਚੋਂ ਧੂਮਰ ਨਾਂ ਹਟਿਆ ਤਾਂ ਪੰਜਾਬੀ ਸੂਬੇ ਵਿਚੋਂ ਹਟਾਇਆ ਜਾਣਾਂ ਅਸੰਭਵ ਹੈ। ਇਹ ਸਾਨੂੰ ਜ਼ਰਾ ਗੰਭੀਰ ਸੋਚ ਸੋਚਣੀ ਚਾਹੀਦੀ ਹੈ ਕਿ ਅਨੰਦਪੁਰ ਦੀ ਪਵਿਤਰ ਧਰਤੀ ਅੰਦਰ ਨਾਈ ਕਸਾਈ ਤੇ ਧੂਮਰ ਪਾਨ ਦਾ ਖੋਜ ਮਿਟਾ ਸਕੀਏ ਫਿਰ ਖਾਲਸੇ ਤੇ ਅਕਾਲੀ ਸੂਰਜ ਦੀਆਂ ਕਿਰਨਾਂ ਨਵਾਂ ਚਮਤਕਾਰ ਬਖਸ਼ਣਗੀਆਂ। ਸਾਨੂੰ ਬਾਜਾਂਵਾਲੇ ਤੇ ਪੂਰਨ ਆਸ ਹੈ ਜਿਨਾਂ ਆਪ ਵਚਨ ਆਖਿਆ ਹੋਇਆ ਹੈ ਕਿ ਖਾਲਸਾ ਪੰਥ ਹੈ ਖੇਤੀ ਮੇਰੀ। ਕਰੂੰ ਸਮ੍ਹਾਲ ਹਉ ਤਿਸ ਕੇਰੀ॥ ਜਦੋਂ ਖਾਲਸੇ ਵਿਚ ਪੂਰਨ ਨਿਰੋਲ ਅੰਮ੍ਰਿਤ ਕਲਾ ਵਰਤ ਗਈ ਤਾਂ ਸਾਰੇ ਮਤਿ ਭੇਦ ਦੂਰ ਹੋ ਜਾਵਨਗੇ। ਸਿਖ ਪ੍ਰਵਾਰ ਦਾ ਕੋਈ ਮੈਂਬਰ ਵੀ ਅੰਮ੍ਰਿਤ ਤੋਂ ਵਾਂਝਿਆ ਨਜ਼ਰ ਨਾਂ ਆਵੇਗਾ। ਸਹੀ ਮਾਅਨਿਆਂ 'ਚ ਹੋਲਾ ਫਿਰ ਵੀ ਮਨਾਇਆ ਜਾਏਗਾ।

—o—

# ਪਿੰਡ ਬਲੋਲਪੁਰ ਵਿਖੇ ਰੈਣ ਸਬਾਈ ਕੀਰਤਨ

ਸਰਬੱਤ ਸੰਗਤਾਂ ਅੱਗੇ ਦਾਸਾਂ ਵਲੋਂ ਬੇਨਤੀ ਕੀਤੀ ਜਾਂਦੀ ਹੈ ਕਿ ਹਮੇਸ਼ਾਂ ਦੀ ਤਰ੍ਹਾਂ ਇਸ ਵਾਰ ਵੀ ਡਾ: ਬਸੰਤ ਸਿੰਘ ਜੀ ਦੀ ਸਾਲਾਨਾ ਯਾਦ ਪਿੰਡ ਬਲੋਲ ਪੁਰ ਵਿਖੇ ਬੜੀ ਧੂਮ ਧਾਮ ਨਾਲ ਮਨਾਈ ਜਾ ਰਹੀ ਹੈ, ਇਸ ਸ਼ੁਭ ਅਵਸਰ ਤੇ 20 ਮਾਰਚ 1969 ਨੂੰ ਸ੍ਰੀ ਅਖੰਡ ਪਾਠ ਪ੍ਰਾਰੰਭ ਹੋਵੇਗਾ, ਜਿਸ ਦਾ ਭੋਗ 22 ਮਾਰਚ ਦਿਨ ਸ਼ਨੀਚਰਵਾਰ ਨੂੰ ਸਵੇਰੇ 5 ਵਜੇ ਪਵੇਗਾ। ਉਪਰੰਤ 12 ਵਜੇ ਤਕ ਅਖੰਡ ਕੀਰਤਨ ਦੁਆਰਾ ਹਰ-ਜਸ ਦੀਆਂ ਘੁੰਮਰਾਂ ਪੈਣਗੀਆਂ। ਰਾਤ ਨੂੰ 8 ਵਜੇ ਰੈਣ ਸਬਾਈ ਕੀਰਤਨ ਅਰੰਭ ਹੋਵੇਗਾ, ਜਿਸਦੀ ਸਮਾਪਤੀ ਐਤਵਾਰ ਸਵੇਰੇ 7 ਵਜੇ ਹੋਵੇਗੀ। ਸਰਬੱਤ ਸੰਗਤਾਂ ਹੁਮ ਹੁਮਾ ਕੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨ।

ਨੋਟ:—ਪਿੰਡ ਬਲੋਲ ਪੁਰ ਡੇਰਾ ਬਾਬਾ ਨਾਨਕ ਤੋਂ 3 ਮੀਲ, ਤੇ ਬਟਾਲੇ ਤੋਂ 15 ਮੀਲ ਦੀ ਵਿੱਥ ਤੇ ਹੈ।

ਦਾਸਰੇ—ਭਾ: ਬੁੱਢਾ ਸਿੰਘ, ਨਿਰੰਕਾਰ ਸਿੰਘ।

www.AKJ.Org

ਸਿਖ ਇਤਿਹਾਸ-ਵਿਚਾਰ ਲੜੀ ਨੰਬਰ ੧੧

# ਕੀ ਸ੍ਰੀ ਦਸਮੇਸ਼ ਜੀ ਨੇ ਪੰਜ ਬਕਰੇ ਝਟਕਾਏ ?

( ਇਕ ਇਤਿਹਾਸਕ ਖੋਜੀ ਦੀ ਕਲਮ ਤੋਂ )

ਇਕ ਹੋਰ ਗਲ ਜੋ ਗਲਤ ਇਤਿਹਾਸ ਲਿਖਣ ਬਾਰੇ ਕਹੀ ਜਾ ਸਕਦੀ ਹੈ, ਉਹ ਇਹ ਹੈ ਕਿ ਉਦੋਂ ਮੁਗ਼ਲਾਂ ਦਾ ਰਾਜ ਸੀ। ਅਜਿਹੀ ਡਿਕਟੇਰਸ਼ਿਪ ਸਮੇਂ ਕੋਈ ਲਿਖਾਰੀ ਵੀ ਸਮੇਂ ਦੀ ਹਕੂਮਤ ਨੂੰ ਨਿੰਦਕੇ ਜ਼ਾਂ ਨਾਰਾਜ਼ ਕਰਕੇ ਸ਼ੁਧ ਇਤਿਹਾਸ ਲਿਖਣ ਦੀ ਦਲੇਰੀ ਨਹੀਂ ਕਰ ਸਕਦਾ ਸੀ। ਉਹ ਹਾਕਮਾਂ ਨੂੰ ਖੁਸ਼ ਕਰਨ ਲਈ ਹਾਕਮਾਂ ਨੂੰ ਜ਼ਰੂਰ ਵਡਿਆਵੇਗਾ ਅਤੇ ਹਕੂਮਤ ਦੇ ਵਿਰੋਧੀਆਂ ਨੂੰ ਨਿੰਦੇਗਾ । ਅਜਿਹੀ ਅਵਸਥਾ ਵਿਚ ਗਲਤ ਜਾਂ ਮਨਘੜਤ ਇਤਿਹਾਸ ਲਿਖੇ ਜਾਣਾ ਕੋਈ ਵੱਡੀ ਗੱਲ ਨਹੀਂ ।

ਉਸ ਸਮੇਂ ਵਧੇਰੇ ਲਿਖਾਰੀ ਤੱਤ ਗੁਰਮਤਿ ਤੇ ਗੁਰਬਾਣੀ ਤੋਂ ਅਨਜਾਣ ਸਨ। ਏਸੇ ਕਰਕੇ ਉਹ ਸਿੱਖ ਇਤਿਹਾਸ ਨੂੰ ਗੁਰਬਾਣੀ ਦੀ ਰੌਸ਼ਨੀ ਵਿਚ ਲਿਖਣ ਤੋਂ ਅਸਮਰਥ ਸਨ। ਪੰਜ ਸਿੱਖਾਂ ਦੇ ਥਾਂ ਪੰਜ ਬਕਰੇ ਲਿੱਖ ਦੇਣਾ ਕੋਈ ਅਨਹੋਣੀ ਗਲ ਨਹੀਂ ਸੀ। ਬਹੁਤੇ ਲਿਖਾਰੀ ਇਸ ਕਰਕੇ ਵੀ ਗਲਤ ਇਇਹਾਸ ਲਿਖ ਦਿੰਦੇ ਸਨ ਕਿਉਂਕਿ ਉਨ੍ਹਾਂ ਪੁਸਤਕਾਂ ਲਿਖਕੇ ਲੋਕਾਂ ਵਿਚ ਹਰਮਨ ਪਿਆਰੇ ਹੋਣਾ ਹੁੰਦਾ ਸੀ । ਉਹ ਅਜਿਹੀਆਂ ਗਲਾਂ ਜਾਂ ਘਟਨਾਵਾਂ ਹੀ ਲਿਖਦੇ ਸਨ ਜੋ ਮੰਨਣ ਯੋਗ ਹੋਣ। ਅਣਹੋਣੀਆਂ ਜਾਂ ਕਰਾਮਾਤੀ ਗਲਾਂ ਲਿਖਕੇ ਉਹ ਸਾਧਾਰਨ ਜਾਂ ਥੋੜ੍ਹੀ ਸਮਝ ਵਾਲੇ ਲੋਕਾਂ ਵਿਚ ਹਰਮਨ ਪਿਆਰੇ ਨਹੀਂ ਹੋ ਸਕਦੇ ਸਨ। ਨਾਲ ਹੀ ਉਹ ਲਿਖਾਰੀ ਕਿਉਂਕਿ ਸਾਧਾਰਨ ਮਨੁਖ ਹੁੰਦੇ ਸਨ ਅਤੇ ਗੁਰੂ ਸਾਹਿਬ ਨੂੰ ਸਾਧਾਰਨ ਮਨੁਖ ਵਾਂਗਰ ਹੀ ਦੇਖਦੇ ਸਨ। ਇਸ ਲਈ ਇਤਿਹਾਸ ਲਿਖਣ ਵਲੋ ਉਹ ਅਜਿਹੀ ਘਟਨਾਂ ਨਹੀਂ ਲਿਖਦੇ ਸਨ ਜੋ ਅਸਾਧਾਰਨ ਹੋਵੇ। ਉਹ ਲਿਖਾਰੀ ਸਾਧਾਰਨ ਪਰ ਮੰਨਣਜੋਗ ਘਟਨਾਵਾਂ ਲਿਖਕੇ ਹੀ ਲੋਕਾਂ ਵਿਚ ਹਰਮਨ ਪਿਆਰੇ ਹੋ ਸਕਦੇ ਸਨ।

ਹਾਂ ਇਹ ਵੀ ਵਿਚਾਰਨ ਵਾਲੀ ਗਲ ਹੈ ਕਿ ਅਜੋਕੇ ਲਿਖਾਰੀਆਂ ਨੇ ਕਿਉਂ ਇੰਜ ਹੀ ਲਿਖ ਦਿਤਾ ਕਿ ਦਸਮ ਪਾਤਸ਼ਾਹ ਨੇ ਪੰਜ ਬਕਰੇ ਝਟਕਾਏ। ਇਸ ਦੇ ਕਾਰਨ ਵੀ ਉਹੀ ਹਨ ਕਿ ਉਹਨਾਂ ਸਿਖ ਇਤਿਹਾਸ ਨੂੰ ਸਾਧਾਰਨ ਜੰਤਾ ਲਈ ਲਿਖਿਆ ਹੈ। ਲੋਕਾਂ ਦੇ ਸਮਝ ਵਿਚ ਆ ਜਾਣ ਵਾਲੀ ਮੰਨਣ ਯੋਗ ਲਿਖਤ ਹੀ ਚੰਗੀ ਲਿਖਤ ਮੰਨੀ ਜਾਂਦੀ ਹੈ। ਇਸ ਲਈ ਉਹਨਾਂ ਵੀ ਇਉਂ ਹੀ ਲਿਖ ਦਿਤਾ। ਅਜਿਹੇ ਲਿਖਾਰੀਆਂ ਨੂੰ ਸਿਖ ਇਤਿਹਾਸ ਦੀ ਸੁਧਤਾ ਦਾ ਏਨਾਂ ਖ਼ਿਆਲ ਨਹੀਂ, ਜਿੰਨਾ ਲੋਕਾਂ ਦੇ ਮੰਨਣ ਯੋਗ ਬਨਾਉਣ ਦਾ ਹੈ। ਬਹੁਤਿਆਂ ਨੇ ਤਾਂ ਪੁਰਾਣੇ ਲਿਖਾਰੀਆਂ ਦੀ ਲਿਖਤ ਅਨੁਸਾਰ ਮੱਖੀ ਉੱਤੇ ਮੱਖੀ ਹੀ ਮਾਰੀ ਹੈ। ਗੁਰਬਾਣੀ ਦੀ ਰੌਸ਼ਨੀ ਅੰਦਰ ਕਿਸੇ ਗਲਤ ਘਟਨਾ ਨੂੰ ਠੀਕ ਪੇਸ਼ ਕਰਨ ਦਾ ਯਤਨ ਹੀ ਨਹੀਂ ਕੀਤਾ ਅਤੇ ਜੇ ਕੀਤਾ ਵੀ ਹੈ ਤਾਂ ਲੋਕ-ਲਾਜ ਦੀ ਹੱਦ ਅੰਦਰ ਰਹਿ ਕੇ। ਪੜ੍ਹੇ ਲਿਖੇ ਹੁੰਦੇ ਹੋਏ ਵੀ ਉਹ



www.AKJ.Org

ਅਜਿਹੀ ਘਟਨਾ ਲਿਖਣ ਤੋਂ ਸੰਕੋਚ ਕਰ ਗਏ ਹਨ ਜਿਸ ਨਾਲ ਉਹ ਸਾਥੀ ਲਿਖਾਰੀਆਂ ਵਿਚ ਨੁਕਤਾਚੀਨੀ ਦਾ ਨਿਸ਼ਾਨਾ ਬਨਣ। ਜਾਂ ਇਉਂ ਕਹਿ ਲਓ ਕਿ ਉਹ ਵੀ ਲੋਕ-ਲਾਜ ਦੇ ਜੂਲੇ ਪੂਰੀ ਤਰ੍ਹਾਂ ਲਾਹ ਨਹੀਂ ਸਕੇ ਅਤੇ ਹਿੰਦੂ ਸਿਖਾਂ ਵਿਚ ਹਰਮਨ ਪਿਆਰੇ ਬਨਣ ਲਈ ਮੱਖੀ ਉਤੇ ਮੱਖੀ ਮਾਰ ਕੇ ਪੁਰਾਣੀਆਂ ਮਨਘੜਤ ਗਲਾਂ ਹੀ ਇਤਿਹਾਸ ਵਿਚ ਦਰਜ ਕਰ ਗਏ ਹਨ। ਅਜ ਦੇ ਲਿਖਾਰੀਆਂ ਦਾ ਇਉਂ ਲਿਖਣਾ ਇਸ ਕਰਕੇ ਵੀ ਹੈ ਕਿ ਉਹਨਾਂ ਦੇ ਨਜ਼ਰੀਏ ਪਦਾਰਥਵਾਦੀ ਹਨ। ਰੂਹਾਨੀਅਤ ਸ਼ਕਤੀ ਦੇ ਚਮਤਕਾਰਾਂ ਨੂੰ ਮੰਨਣਾ ਉਹ ਆਪਣੀ ਸਾਇੰਸੀ ਜਾਂ ਪਦਾਰਥਵਾਦੀ ਨਜ਼ਰੀਏ ਦੀ ਹੇਠੀ ਸਮਝਦੇ ਹਨ। ਨਾਲ ਹੀ ਉਹਨਾਂ ਦੇ ਨਿੱਜੀ ਜੀਵਨ ਆਤਮਕ ਉਨਤੀ ਵਲੋਂ ਬਿਲਕੁਲ ਕੋਰੇ ਹੁੰਦੇ ਹਨ, ਇਸ ਲਈ ਉਹ ਹਰ ਘਟਨਾਂ ਨੂੰ ਪਦਾਰਥਵਾਦੀ ਦ੍ਰਿਸ਼ਟੀ ਨਾਲ ਦੇਖ ਕੇ ਲਿਖਣ ਤੋਂ ਮਜਬੂਰ ਹਨ। ਇਸ ਲਈ ਇਹ ਮੰਨਿਆ ਜਾ ਸਕਦਾ ਹੈ ਕਿ ਅਜੋਕੇ ਲਿਖਾਰੀਆਂ ਦਾ ਵੀ ਪੰਜ ਸੀਸ ਦੇ ਥਾਂ ਪੰਜ ਬਕਰੇ ਲਿਖਣਾ ਉਹਨਾਂ ਦਾ ਪਦਾਰਥਕ ਦ੍ਰਿਸ਼ਟੀਕੋਨ ਦਾ ਸੂਚਕ ਹੈ।

ਉਪਰਲੀ ਸਾਰੀ ਵਿਚਾਰ ਤੋਂ ਸਾਨੂੰ ਮੰਨਣਾ ਪਵੇਗਾ ਕਿ ਦਸਮੇਸ਼ ਪਿਤਾ ਜੀ ਨੇ ਖਾਲਸਾ ਪੰਥ ਸਾਜਣ ਵੇਲੇ ਪੰਜ ਸਿਖਾਂ ਦੇ ਸੀਸ ਮੰਗ ਕੇ, ਉਹਨਾਂ ਨੂੰ ਝਟਕਾ ਕੇ, ਆਪਣੀ ਅਕਾਲੀ ਸ਼ਕਤੀ ਨਾਲ ਉਹਨਾਂ ਨੂੰ ਮੁੜ ਸੁਰਜੀਤ ਕੀਤਾ ਅਤੇ ਪੰਜ ਪਿਆਰਿਆਂ ਦਾ ਉੱਚਾ ਰੁਤਬਾ ਦੇ ਕੇ ਸਦਾ ਲਈ ਅਮਰ ਕਰ ਦਿਤਾ।

ਉਪਰ ਲਿਖੀ ਸਾਰੀ ਵਿਚਾਰ ਇਤਿਹਾਸਕ ਦ੍ਰਿਸ਼ਟੀਕੋਨ ਤੋਂ ਕੀਤੀ ਗਈ ਹੈ। ਹੁਣ ਅਸੀਂ ਗੁਰਬਾਣੀ ਦੀ ਰੋਸ਼ਨੀ ਵਿਚ ਇਸ ਸਚਾਈ ਨੂੰ ਵਿਚਾਰਨ ਦਾ ਯਤਨ ਕਰਾਂਗੇ। ਸਾਡੇ ਪੂਜਯ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨੇਕਾਂ ਸ਼ਬਦ ਆਉਂਦੇ ਹਨ ਜਿਨ੍ਹਾਂ ਨੂੰ ਸਮਝਿਆਂ ਇਹ ਪਤਾ ਲਗਦਾ ਹੈ ਕਿ ਜਿਥੇ ਅਕਾਲਪੁਰਖ ਵਾਹਿਗੁਰੂ ਦੇ ਹਥ ਵਿਚ ਇਸ ਸਾਰੇ ਸੰਸਾਰ ਦੀ ਖੇਡ ਚਲ ਰਹੀ ਹੈ, ਉਥੇ ਸਤਿਗੁਰੂ ਦਾ ਹੁਕਮ ਵੀ ਸੱਤ ਤੇ ਅੱਟਲ ਹੈ। ਗੁਰਬਾਣੀ ਵਿਚ ਅਨੇਕਾਂ ਗੁਰਵਾਕ ਆਉਂਦੇ ਹਨ, ਜਿਥੋਂ ਪਤਾ ਲਗਦਾ ਹੈ ਕਿ ਪਾਰਬ੍ਰਹਮ ਅਤੇ ਗੁਰੂ ਵਿਚ ਕੋਈ ਭੇਦ ਨਹੀਂ। ਭਾਵੇਂ ਗੁਰੂ ਸਾਹਿਬਾਨ ਨੇ ਹਰ ਕਾਰਜ ਜਾਂ ਕੁਰਬਾਨੀ ਵਾਹਿਗੁਰੂ ਦੇ ਹੁਕਮ ਵਿਚ ਕੀਤੀ ਪਰ ਇਹ ਵੀ ਸਪਸ਼ਟ ਹੈ, ਕਿ ਗੁਰੂ ਸਾਹਿਬਾਨ ਨੇ ਉਹੋ ਕੁਝ ਕੀਤਾ ਉਹ ਸੁਭ ਕਰਮ ਕੀਤੇ ਜਿਵੇਂ ਉਨਾਂ ਨੂੰ ਵਾਹਿਗੁਰੂ ਵਲੋਂ ਪ੍ਰੇਰਨਾ ਹੋਈ। ਉਨ੍ਹਾਂ ਉਹੋ ਹੁਕਮ ਸਾਰੇ ਸਸਾਰ ਨੂੰ ਦਿਤੇ, ਜੋ ਉਨਾਂ ਨੂੰ ਅਕਾਲ ਪੁਰਖ ਵਲੋਂ ਮਿਲੇ। ਗੁਰੂ ਸਾਹਿਬਾਨ ਨੇ ਅਨੇਕਾਂ ਸ਼ਬਦਾਂ ਵਿਚ ਸਾਨੂੰ ਦਸਿਆ ਕਿ ਹੇ ਗੁਰਮੁਖ ਜਨੋ ਮੈਂ ਆਪਣੇ ਕੋਲੋਂ ਕੁਝ ਨਹੀਂ ਕਹਿ ਰਿਹਾ, ਸਗੋਂ ਇਹ ਬਾਣੀ ਜੋ ਮੈਂ ਉਚਾਰ ਰਿਹਾ ਹਾਂ, ਜੋ ਹੁਕਮ ਤੁਹਾਡੇ ਲਈ ਜਾਂ ਸਮੁਚੀ ਮਨੁਖਤਾ ਲਈ ਗੁਰਬਾਣੀ ਰਾਹੀਂ ਦੇ ਰਿਹਾ ਹਾਂ, ਇਹ ਸਭ ਕੁਝ ਅਕਾਲ ਪੁਰਖ ਆਪ ਮੇਰੇ ਮੁਖੋਂ ਬੁਲਾ ਰਿਹਾ ਹੈ। ਮੇਰੀ ਕੋਈ ਸ਼ਕਤੀ ਨਹੀਂ ਕਿ ਕੁਝ ਕਹਿ ਸਕਾਂ। ਸਗੋਂ ਜਿਵੇਂ ਉਹ ਹੁਕਮ ਦੇ ਰਿਹਾ ਹੈ, ਉਂਜ ਹੀ ਤੁਹਾਨੂੰ ਦਸ ਰਿਹਾ ਹਾਂ। ਸੂਹੀ ਮ: ੫ ਵਿਚ ਗੁਰੂ ਅਰਜਨ ਸਾਹਿਬ ਫੁਰਮਾਉਂਦੇ।

ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥
ਆਖਾ ਬਿਰਥਾ ਜੀਅ ਕੀ, ਗੁਰ ਸਜਣੁ ਦੇਹਿ ਮਿਲਾਇ ਜੀਉ ॥
ਸੋਈ ਦਸਿ ਉਪਦੇਸੜਾ, ਮੇਰਾ ਮਨੁ ਅਨਤ ਨ ਕਾਹੂ ਜਾਇ ਜੀਉ ॥
ਇਹੁ ਮਨੁ ਤੈ ਕੂੰ ਡੇਵਸਾ, ਮੈ ਮਾਰਗੁ ਦੇਹੁ ਬਤਾਇ ਜੀਉ ॥
ਹਉ ਆਇਆ ਦੂਰਹੁ ਚਲਿਕੈ, ਮੈ ਤਕੀ ਤਉ ਸਰਣਾਇ ਜੀਉ ॥
ਮੈ ਆਸਾ ਰਖੀ ਚਿਤਿ ਮਹਿ, ਮੇਰਾ ਸਭੋ ਦੁਖੁ ਗਵਾਇ ਜੀਉ ॥
ਇਤੁ ਮਾਰਗਿ ਚਲੇ ਭਾਈਅੜੇ, ਗੁਰੁ ਕਹੈ ਸੁ ਕਾਰ ਕਮਾਇ ਜੀਉ ॥
ਤਿਆਗੇ ਮਨ ਕੀ ਮਤੜੀ, ਵਿਸਾਰੇ ਦੂਜਾ ਭਾਉ ਜੀਉ ॥
ਇਉਂ ਪਾਵਹਿ ਹਰਿ ਦਰਸਾਵੜਾ, ਨਹ ਲਗੈ ਤਤੀ ਵਾਉ ਜੀਉ ॥
ਹਉ ਆਪਹੁ ਬੋਲਿ ਨ ਜਾਣਦਾ, ਮੈ ਕਹਿਆ ਸਭੁ ਹੁਕਮਾਉ ਜੀਉ ॥
ਹਰਿ ਭਗਤਿ ਖਜਾਨਾ ਬਖਸ਼ਿਆ, ਗੁਰਿ ਨਾਨਕਿ ਕੀਆ ਪਸਾਉ ਜੀਉ ॥
ਮੈ ਬਹੁੜਿ ਨ ਤ੍ਰਿਸਨਾ ਭੁਖੜੀ, ਹਉ ਰਜਾ ਤ੍ਰਿਪਤਿ ਅਘਾਇ ਜੀਉ ॥
ਜੋ ਗੁਰ ਦੀਸੈ ਸਿਖੜਾ, ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥



www.AKJ.Org

ਇਸ ਸ਼ਬਦ ਵਿਚ ਜਿਥੇ ਗੁਰੂ ਸਾਹਿਬ ਦੀ ਨਿੰਮ੍ਰਤਾ ਤੇ ਗੁਰਸਿਖਾਂ ਨਾਲ ਪਿਆਰ ਪ੍ਰਗਟ ਹੁੰਦਾ ਹੈ, ਉਥੇ ਨਾਲ ਨਾਲ ਹੀ ਗੁਰੂ ਸਾਹਿਬ ਸਪਸ਼ਟ ਕਰਦੇ ਹਨ ਕਿ ਮੈਂ ਸਭ ਕੁਝ ਉਸ ਦੇ ਹੁਕਮ ਵਿਚ ਹੀ ਬੋਲ ਰਿਹਾ ਹਾਂ। ਇਕ ਹੋਰ ਸ਼ਬਦ ਵਿਚ ਗੁਰੂ ਸਾਹਿਬ ਇਉਂ ਉਪਦੇਸ਼ ਦਿੰਦੇ ਹਨ—

ਸਤਿਗੁਰੁ ਕੀ ਬਾਣੀ ਸਤਿ ਸਤਿ ਕਰ ਜਾਣਉ ਗੁਰਸਿਖਹੁ,
ਹਰਿ ਕਰਤਾ ਆਪਿ ਮੁਹੋ ਕਢਾਏ ॥

ਗੁਰੂ ਦਸਮ ਪਾਤਸ਼ਾਹ ਨੇ ਵੀ ਫੁਰਮਾਇਆ ਹੈ ਕਿ ਅਕਾਲ ਪੁਰਖ ਦੇ ਹੁਕਮ ਨਾਲ ਹੀ ਮੈਂ ਇਹ ਖਾਲਸਾ ਪੰਥ ਸਾਜਿਆ ਹੈ—

ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ ॥

ਅਤੇ ਜੋ ਇਹ ਸਭ ਕੁਝ ਗੁਰੂ ਸਾਹਿਬਾਨ ਨੇ ਉਸ ਦੇ ਹੁਕਮਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕਰਕੇ ਸਾਡੇ ਨਿਸਤਾਰੇ ਦਾ ਕਾਰਜ ਕੀਤਾ ਹੈ ਤਾਂ ਇਹ ਸਪਸ਼ਟ ਹੈ ਕਿ ਜੋ ਕੁਝ ਗੁਰਬਾਣੀ ਵਿਚ ਕਿਹਾ ਗਿਆ ਹੈ, ਅਕਾਲ ਪੁਰਖ ਨੇ ਆਪਣੇ ਹੁਕਮ ਹੀ ਗੁਰੂ ਸਾਹਿਬ ਦੇ ਮੁਖ ਰਾਹੀਂ ਭੇਜੇ ਹਨ ਅਤੇ ਇਉਂ ਜੋ ਹੁਕਮ ਹਨ ਹੀ ਅਕਾਲਪੁਰਖ ਦੇ, ਉਹ ਸਦਾ ਲਈ ਅਟੱਲ ਹਨ।

ਗੁਰੂ ਸਾਹਿਬਾਨ ਨੇ ਜੋ ਕੁਝ ਵੀ ਉਚਾਰਿਆ, ਭਾਵੇਂ ਉਹ ਕਿਸੇ ਗੁਰੂ ਸਾਹਿਬ ਸੰਬੰਧੀ ਹੋਵੇ, ਜਾਂ ਆਪਣੇ ਸੰਬੰਧੀ ਹੋਵੇ, ਉਹ ਅਕਾਲੀ ਹੁਕਮ ਹੈ, ਜੋ ਸੱਚਾ ਹੈ, ਅਟੱਲ ਹੈ। ਗੁਰਬਾਣੀ ਵਿਚ ਤੀਜੇ ਪਾਤਸ਼ਾਹ ਨੇ ਇਕ ਸਬਦ ਵਿਚ ਫੁਰਮਾਇਆ ਹੈ ਜੋ ਗੁਰੂ ਨਾਨਕ ਦੇਵ ਜੀ ਸੰਬੰਧੀ ਹੈ—

ਆਪ ਨਾਰਾਇਣ ਕਲਾਧਾਰ, ਜਗ ਮਹਿ ਪਰਵਰਿਯਉ ॥
ਨਿਰੰਕਾਰ ਆਕਾਰ ਜੋਤਿ, ਜਗ ਮੰਡਿਲ ਕਰਿਯਉ ॥

ਭਾਵ ਆਪ ਅਕਾਲ ਪੁਰਖ ਕਲਾ ਧਾਰ ਕੇ ਗੁਰੂ ਨਾਨਕ ਸਾਹਿਬ ਦੇ ਰੂਪ ਵਿਚ ਏਥੇ ਆਇਆ। ਫਿਰ ਨਿਰੰਕਾਰ ਨੇ ਗੁਰੂ ਅਮਰਦਾਸ ਜੀ ਦਾ ਆਕਾਰ ਧਾਰ ਕੇ ਜਗਤ ਵਿਚ ਰੌਸ਼ਨੀ ਕੀਤੀ। ਫਿਰ ਤਾਂ ਸਪਸ਼ਟ ਹੈ ਕਿ ਜੋ ਕੁਝ ਨਿਰੰਕਾਰ ਚਾਹੁੰਦਾ ਸੀ, ਉਹ ਸਭ ਕੁਝ ਉਸਨੇ ਗੁਰੂ ਸਾਹਿਬਾਨ ਰਾਹੀਂ ਕਰਵਾਇਆ। ਜੋ ਕੁਝ ਆਪ ਸੰਸਾਰ ਲਈ ਹੁਕਮ ਕਰਨਾ ਚਾਹੁੰਦੇ ਸਨ, ਉਹ ਗੁਰੂ ਸਾਹਿਬਾਨ ਰਾਹੀਂ ਹੁਕਮ ਭੇਜਿਆ। ਭਾਵ ਗੁਰੂ ਸਾਹਿਬਾਂ ਜੋ ਕੁਝ ਕਿਹਾ ਜਾਂ ਕੀਤਾ, ਉਹ ਅਕਾਲ ਪੁਰਖ ਦੇ ਹੁਕਮ ਵਜੋਂ 'ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ' ਕਹਿ ਦਿਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਅਰਜਨ ਦੇਵ ਜੀ ਦਾ ਇਕ ਸ਼ਬਦ ਹੈ—

ਸਤਿਗੁਰੁ ਮੇਰਾ ਬੇ ਮੁਹਤਾਜੁ ॥
ਸਤਿਗੁਰ ਮੇਰਾ ਸਚਾ ਸਾਜੁ ॥
ਸਤਿਗੁਰੁ ਮੇਰਾ ਸਭਸ ਦਾ ਦਾਤਾ ॥
ਸਤਿਗੁਰੁ ਮੇਰਾ ਪੁਰਖੁ ਬਿਧਾਤਾ ॥
ਗੁਰ ਜੈਸਾ ਨਾਹੀ ਕੋ ਦੇਵ ॥
ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵ ॥ ੧ ॥ ਰਹਾਉ ॥
ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ ॥
ਸਤਿਗੁਰੁ ਮੇਰਾ ਮਾਰਿ ਜੀਵਾਲੈ ॥
ਸਤਿਗੁਰੁ ਮੇਰੇ ਕੀ ਵਡਿਆਈ ॥
ਪ੍ਰਗਟ ਭਈ ਹੈ ਸਭਨੀ ਥਾਈ ॥
ਸਤਿਗੁਰੁ ਮੇਰਾ ਤਾਣੁ ਨਿਤਾਣੁ ॥
ਸਤਿਗੁਰੁ ਮੇਰਾ ਘਰਿ ਦੀਬਾਣੁ ॥
ਸਤਿਗੁਰ ਕੈ ਹਉ ਸਦ ਬਲਿ ਜਾਇਆ ॥
ਪ੍ਰਗਟੁ ਮਾਰਗੁ ਜਿਨਿ ਕਰਿ ਦਿਖਲਾਇਆ ॥ ੩ ॥
ਜਿਨਿ ਗੁਰੁ ਸੇਵਿਆ ਤਿਸੁ ਭਉ ਨ ਬਿਆਪੈ ॥
ਜਿਨਿ ਗੁਰੁ ਸੇਵਿਆ ਤਿਸੁ ਦੁਖੁ ਨ ਸੰਤਾਪੈ ॥
ਨਾਨਕ ਸੋਧੇ ਸਿਮ੍ਰਿਤਿ ਬੇਦ ॥
ਪਾਰਬ੍ਰਹਮ ਗੁਰ ਨਾਹੀ ਭੇਦ ॥ ੪ ॥ ੧੧ ॥ ੨੪ ॥

ਇਸ ਸ਼ਬਦ ਵਿਚ ਸ਼ਪਸਟ ਹੈ ਜਿ ਜਿਥੇ ਸਾਡਾ ਸੋਹਣਾ ਸਤਿਗੁਰੂ ਬੇ ਮੁਹਤਾਜ ਹੈ, ਉਥੇ ਨਾਲ ਹੀ ਵਾਹਿਗੁਰੂ ਦੇ ਹੁਕਮ ਵਿਚ ਵਜਣ ਵਾਲਾ ਇਕ ਸੱਚਾ ਸੁੱਚਾ ਸਾਜ ਹੈ। ਜਿਥੇ ਸਤਿਗੁਰੂ ਨਾਮ ਦੇ ਵਾਪਾਰੀਆਂ ਨੂੰ ਨਾਮ ਰੂਪੀ ਪਦਾਰਥ ਦੇਕੇ ਨਿਹਾਲ ਕਰਨ ਵਾਲਾ ਹੈ, ਉਥੇ ਨਾਲ ਹੀ ਉਹ ਮਾਰਕੇ ਜੀਵਾਲ ਭੀ ਸਕਦਾ ਹੈ। ਇਹ ਸ਼ਬਦ ਗੁਰੂ ਅਰਜਨ ਸਾਹਿਬ ਨੇ ਐਵੇਂ ਕਿਸੇ ਕਾਵਿਕ ਮੂਡ ਵਿਚ ਨਹੀਂ ਉਚਾਰਿਆ, ਸਗੋਂ ਉਸ ਅਕਾਲ ਪੁਰਖ ਦੇ ਸਤਿਗੁਰੂ ਪ੍ਰਤੀ ਵਡਿਆਈਆਂ ਸਿਫ਼ਤਾਂ ਆਪਣੇ



www.AKJ.Org

ਮੁਖੋਂ ਸਾਨੂੰ ਦਸ ਰਹੇ ਹਨ। ਆਪ ਫੁਰਮਾਉਂਦੇ ਹਨ ਕਿ ਸਤਿਗੁਰੂ ਮਾਰਕੇ ਜੀਵਾਲ ਸਕਦਾ ਹੈ। ਗੁਰੂ ਗੋਬਿੰਦ ਸਿੰਘ ਜੀ ਜੋ ਗੁਰੂ ਅਰਜਨ ਸਾਹਿਬ ਦੇ ਪੜਪੋਤੇ ਸਨ ਅਤੇ ਗੁਰੂ ਨਾਨਕ ਦੇਵ ਜੀ ਦੀ ਗੱਦੀ ਉਤੇ ਦਸਵੇਂ ਗੁਰੂ ਸਨ। ਆਪ ਨੇ ਜੋ ਹੁਕਮ ਕੀਤੇ, ਅਤੇ ਸਮੇਂ ਅਨੁਸਾਰ ਅਕਾਲ ਪੁਰਖ ਦੇ ਹੁਕਮ ਅੰਦਰ ਜਿਹੋ ਜਿਹਾ ਵੀ ਪ੍ਰੋਗਰਾਮ ਦੇਸ਼ ਕੌਮ ਅਗੇ ਰਖਿਆ, ਉਹ ਨਿਰਾ ਕੋਈ ਵਕਤੀ ਪਰੋਗਰਾਮ ਨਹੀਂ ਸੀ। ਜੇ ਉਨ੍ਹਾਂ ਨੂੰ ਅਕਾਲਪੁਰਖ ਵਲੋਂ ਖਾਲਸਾ ਪੰਥ ਸਾਜਣ ਦਾ ਹੁਕਮ ਹੋਇਆ, ਤਾਂ ਪੰਜ-ਸੀਸ ਮੰਗਣ ਦਾ ਹੁਕਮ ਵੀ ਉਸ ਅਕਾਲਪੁਰਖ ਵਲੋਂ ਹੀ ਹੋਇਆ। ਭਾਵ ਇਹ ਇਕ ਅਕਾਲੀ ਹੁਕਮ ਸੀ ਕਿ ਖੰਡੇ ਦੀ ਧਾਰ ਉੱਤੇ ਪਰਖ ਕੇ ਸੰਸਾਰ ਦੇ ਕਲਿਆਣ ਲਈ ਸੱਚਾ ਸੁੱਚਾ ਪੰਚਾਇਤੀ ਸਿਸਟਮ ਚਲਾਇਆ ਜਾਂਦਾ। ਉਸ ਪੰਚਾਇਤੀ ਸਿਸਟਮ ਨੂੰ ਸੁਚਾ ਤੇ ਸਦੀਵੀ ਬਨਾਉਣ ਲਈ ਆਪ ਨੇ ਪੰਜ ਸੀਸ ਮੰਗੇ। ਉਨ੍ਹਾਂ ਨੂੰ ਅਕਾਲੀ ਖੰਡੇ ਨਾਲ ਝਟਕਾ, ਮੁੜ ਜੋੜ, ਨਵਾਂ ਜਨਮ ਬਖ਼ਸ਼ਿਆ ਤੇ ਫਿਰ ਪੰਜ ਸਿੰਘਾਂ ਨੂੰ, ਪੰਜ ਪਿਆਰਿਆਂ ਨੂੰ ਆਪਣੀ ਗੁਰ ਸ਼ਕਤੀ ਦੁਆਰਾ ਜਨਮ ਮਰਨ ਤੋਂ ਮੁਕਤ ਕਰ ਦਿਤਾ ਅਤੇ ਸਤਿਗੁਰੂ ਦੇ ਘਰ ਜਨਮਣ ਕਰਕੇ ਪਿਛਲਾ ਅਗਲਾ ਆਵਾਗੌਣ ਮਿਟਾ ਦਿਤਾ। ਜਾਂ ਇਉਂ ਕਹੋ ਕਿ ਪੰਜ ਜਨਾਂ ਨੂੰ ਖਾਲਸ ਬਣਾਕੇ 'ਖਾਲਸਾ ਪੰਥ ਦੀ, ਤੀਸਰੇ ਪੰਥ ਦੀ ਨੀਂਹ ਰਖੀ। ਇਹ ਸਾਰਾ ਕੁਝ ਗੁਰੂ ਘਰ ਦੇ ਪੂਰਨ ਸਿਖ ਭਾਈ ਗੁਰਦਾਸ ਜੀ ਨੇ ਅਖੀਂ ਵੇਖਿਆ ਤੇ ਇਹ ਸ਼ਬਦ ਉਚਾਰਿਆ:—

ਓਹ ਗੁਰ ਗੋਬਿੰਦ ਹੋਇ ਪ੍ਰਗਟਿਆ ਦਸਵੇਂ ਅਵਤਾਰਾ ॥
ਜਿਨ ਅਲਖ ਅਕਾਲ ਨਿਰੰਜਨਾਂ ਜਪਿਓ ਕਰਤਾਰਾ ॥
ਜਿਨ ਪੰਥ ਚਲਾਇਓ ਖਾਲਸਾ ਧਰ ਤੇਜ ਕਰਾਰਾ ॥
ਸਿਰ ਕੇਸ ਧਾਰ ਗਹਿ ਖੜਗ ਕੋ ਸਭ ਦੁਸ਼ਟ ਪਛਾਰਾ ॥
ਸੀਲ ਜਤ ਕੀ ਕਛ ਪਹਿਰ ਪਕੜੋ ਹਥਿਆਰਾ ॥
ਸੱਚ ਫਤਹ ਬੁਲਾਈ ਗੁਰੂ ਕੀ ਜੀਤਿਓ ਰਣ ਭਾਰਾ ॥
ਸਭ ਦੈਂਤ ਅਰਨਿ ਕੋ ਘੇਰ ਕਰ ਕੀਓ ਪਚਿਹਾਰਾ ॥
ਤਬ ਸਹਿਜੇ ਪ੍ਰਗਟਿਓ ਜਗਤ ਮੈ ਗੁਰ ਜਾਪ ਅਪਾਰਾ ॥
ਇਉਂ ਉਪਜੇ ਸਿੰਘ ਭੁਜੰਗੀਏ, ਨੀਲ ਅੰਬਰ ਧਾਰਾ ॥
ਤੁਰਕ ਦੁਸਟ ਸਭ ਖੈ ਕੀਏ, ਹਰਿ ਨਾਮ ਉਚਾਰਾ ॥
ਤਿਨ ਆਗੇ ਕੋਇ ਨ ਠਹਿਰਿਓ ਭਾਗੇ ਸਿਰਦਾਰਾ ॥
ਤਹ ਰਾਜੇ ਸ਼ਾਹ ਅਮੀਰੜੇ, ਹੋਇ ਸਭ ਛਾਰਾ ॥
ਫਿਰ ਸੁਨ ਕਰ ਐਸੀ ਧਮਕ ਕਉ ਕਾਂਪੇ ਗਿਰਭਾਰਾ ॥
ਤਬ ਸਭ ਧਰਤੀ ਹਲ ਚਲ ਭਈ ਛਾਡੇ ਘਰ ਬਾਰਾ ॥
ਇਉਂ ਐਸੇ ਦੂੰਦ ਕਲੇਸ ਮੈਂ ਖਪਿਓ ਸੰਸਾਰਾ ॥
ਤਿਹ ਬਿਨ ਸਤਿਗੁਰ ਕੋ ਹੈ ਨਹੀ ਭੈ ਕਾਟਣਹਾਰਾ ॥
ਗਹਿ ਐਸੇ ਖੜਗ ਦਿਖਾਇਅਨ ਕੋ ਸਕੈ ਨ ਝੇਲਾ ॥
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ ॥

ਸਪਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਨੀਂਹ ਪੰਜ ਖਾਲਸ ਜਨਾਂ ਉਤੇ ਰੱਖੀ, ਜਿਨ੍ਹਾਂ ਨੂੰ ਪਹਿਲਾਂ ਆਪਣੇ ਅਕਾਲੀ ਖੰਡੇ ਨਾਲ ਖਾਲਸ ਬਣਾ ਲਿਆ ਸੀ। ਗੁਰੂ ਸਾਹਿਬਾਂ ਦਾ ਬਾਹਰੋਂ ਸੀਸ ਮੰਗ ਕੇ ਪੰਜਾਂ ਨੂੰ ਤੰਬੂ ਵਿਚ ਲਿਆਉਣਾ ਤੇ ਉੱਥੇ ਆਪਣੇ ਖੰਡੇ ਨਾਲ ਖਾਲਸ ਜਨ ਬਣਾ ਕੇ ਬਾਹਰ ਲਿਆਉਣਾ, ਬਾਹਰ ਆ ਕੇ ਪੰਜ ਪਿਆਰਿਆਂ ਦਾ ਰੁਤਬਾ ਦੇ ਕੇ ਅੰਮ੍ਰਿਤ ਦੀ ਦਾਤ ਦੇਣਾ ਤੇ ਫਿਰ ਆਪ ਅੰਮ੍ਰਿਤ ਛਕ ਕੇ ਪੰਜ ਪਿਆਰਿਆਂ ਜਾਂ ਖਾਲਸ ਪੰਥ ਵਿਚ ਅਭੇਦ ਹੋਣਾ— ਇਹ ਸਾਰੀ ਖੇਡ ਅਕਾਲ ਪੁਰਖ ਦੇ ਹੁਕਮ ਵਿਚ ਵਰਤੀ। ਇਹ ਕਹਿਣਾ ਕਿ ਅੰਦਰ ਬਕਰੇ ਬੰਨੇ ਹੋਏ ਸਨ ਤੇ ਪੰਜ ਸਿਖਾਂ ਦੇ ਥਾਂ ਪੰਜਾਂ ਬਕਰਿਆਂ ਨੂੰ ਝਟਕਾਇਆ ਗਿਆ, ਖਾਲਸਾ ਪੰਥ ਦੇ ਖਾਲਸ ਹੋਣ ਤੇ ਸ਼ਕ ਕਰਨਾ ਹੈ। ਨਾਲ ਹੀ ਗੁਰਬਾਣੀ ਦੀ ਇਹ ਤੁਕ 'ਸਤਿਗੁਰੁ ਮੇਰਾ ਮਾਰਿ ਜੀਵਾਲੈ' ਨੂੰ ਗਲਤ ਸਾਬਤ ਕਰਨਾ ਹੈ, ਅਤੇ ਭਾਈ ਗੁਰਦਾਸ ਜੀ ਦੇ ਅਖੀਂ ਵੇਖੇ ਚਮਤਕਾਰੇ 'ਜਿਨ ਪੰਥ ਚਲਾਇਓ ਖਾਲਸਾ, ਧਰ ਤੇਜ ਕਰਾਰਾ' ਨੂੰ ਝੁਠਲਾਉਣਾ ਹੈ, ਪਰ ਜਦ ਗੁਰੂ ਸਾਹਿਬ ਸਭ ਕੁਝ ਉਸ ਦੇ ਹੁਕਮ ਵਿਚ, ਉਸ ਦੇ ਹੁਕਮਾਂ ਨੂੰ ਆਪਣੇ ਮੁਖ ਰਾਹੀਂ ਉਚਾਰ ਰਹੇ ਹਨ ਤਾਂ ਸਪਸ਼ਟ ਹੈ ਕਿ ਇਹ ਤੁਕ ਵੀ ਓਨੀ ਹੀ ਸੱਚੀ ਹੈ ਜਿੰਨੀਆਂ ਹੋਰ ਤੁਕਾਂ। ਇਸ ਗੁਰਵਾਕ ਅਨੁਸਾਰ ਗੁਰੂ ਜਦੋਂ ਚਾਹੇ, ਮਾਰ ਕੇ ਜੀਵਾਲ ਸਕਦਾ ਹੈ। (ਚਲਦਾ)



www.AKJ.Org

# ੦ ਹੁਣ ਕੀ ਬਣੇ ? ੦

( ਵਲੋਂ—ਭਾਈ ਦੇਵਾ ਸਿੰਘ ਜੀ "ਕਿਰਤੀ" ਅੰਮ੍ਰਿਤਸਰ )

ਬਾਪ—ਬੇਟਾ, ਏਸ ਰਸਤੇ ਵਿਚ ਸੰਭਲ ਕੇ ਜਾਣਾ, ਆਪਣੇ ਮਾਲ ਜਾਨ ਦੇ ਬਚਾਓ ਵਾਸਤੇ ਕਿਸੇ ਨਾਲ ਸਾਥ ਕਰਨ ਤੋਂ ਪ੍ਰਹੇਜ਼ ਕਰਨਾ।

ਬੇਟਾ—ਪਿਤਾ ਜੀ ਆਪ ਤਾਂ ਮੈਨੂੰ ਮੂਰਖ ਹੀ ਸਮਝਦੇ ਹੋ ਜੋ ਮੈਂ ਕਿਸੇ ਦੇ ਪੰਜੇ ਵਿਚ ਐਵੇਂ ਹੀ ਆ ਜਾਵਾਂਗਾ। ਆਪ ਪੁਰਾਣੇ ਖਿਆਲ ਛਡ ਦਿਓ ਅਸੀਂ ਕੋਈ ਅਨਪੜ੍ਹ ਨਹੀਂ ਐਵੇਂ ਦਾਅ (ਧੋਖਾ) ਖਾ ਜਾਵਾਂਗਾ।

ਬਾਪ—ਬੇਟਾ, ਗਲ ਤਾਂ ਠੀਕ ਹੈ ਤੁਸੀਂ ਪੜੇ ਲਿਖੇ ਨਵੀਂ ਰੌਸ਼ਨੀ ਵਿਚ ਬੜੇ ਸਿਆਣੇ ਹੋ ਪਰ ਜਿਥੇ ਚਾਨਣ ਨਵਾਂ ਹੈ ਓਥੇ ਹਨੇਰਾ ਵੀ ਪੁਰਾਣਾ ਨਹੀਂ ਰਿਹਾ ਸਗੋਂ ਹਨੇਰਾ ਤਾਂ ਓਹਦੂੰ ਵੀ ਵਧ ਚਲਾਕ ਹੋ ਗਿਆ ਹੈ ਜਿਸ ਤਰ੍ਹਾਂ ਪੜੇ ਲਿਖੇ ਹੁਸ਼ਿਆਰ ਹੋ ਗਏ ਨੇ ਤਾਂ ਲੁਟਣ ਵਾਲੇ ਵੀ ਤਾਂ ਪੜੇ ਲਿਖੇ ਹੀ ਬਣ ਗਏ ਨੇ। ਕਦੇ ਅਨਪੜਾਂ ਨੂੰ ਅਨਪੜ ਲੁਟ ਲੈਂਦੇ ਸਨ ਤਾਂ ਹੁਣ ਪੜ੍ਹਿਆਂ ਨੂੰ ਪੜੇ ਲਿਖੇ ਲੁਟ ਲੈਂਦੇ ਨੇ ਏਸ ਵਿਚ ਤਾਂ ਕੋਈ ਫ਼ਰਕ ਨਹੀਂ ਪਿਆ ਸਗੋਂ ਕੁਝ ਵਾਧਾ ਹੀ ਹੋਇਆ ਹੈ।

ਬੇਟਾ—ਓਹ ਕਿਸ ਤਰ੍ਹਾਂ ਅਗੇ ਨਾਲੋਂ ਤਾਂ ਹੁਣ ਬੜੇ ਇੰਤਜ਼ਾਮ ਹੋ ਗਏ ਨੇ, ਸਰਕਾਰ ਨੇ ਬੜੇ ਬੜੇ ਕਾਨੂੰਨ ਬਣਾ ਕੇ ਪੁਲਸ ਨੂੰ ਵਡੇ ਵਡ ਅਖ਼ਿਤਆਰ ਦੇ ਦਿਤੇ ਹੋਏ ਨੇ।

ਬਾਪ—ਬੇਟਾ, ਏਹ ਸਭ ਕੁਝ ਹੁੰਦਿਆਂ ਹੋਇਆਂ ਵੀ ਰੋਜ਼ ਅਖ਼ਬਾਰਾਂ ਵਿਚ ਮੋਟੀ ਤੋਂ ਮੋਟੀ ਸੁਰਖ਼ੀ ਕਿਸੇ ਨਾ ਕਿਸੇ ਦੁਰਘਟਨਾਂ ਦੀ ਛਪਦੀ ਹੈ ਤੇ ਜਿਸ ਦਿਨ ਕੋਈ ਉਪੱਦਰ ਵਾਲੀ ਖਬਰ ਪਹਿਲੇ ਸਫ਼ੇ ਤੇ ਨਾ ਹੋਵੇ ਤਾਂ ਲੈਣ ਵਾਲੇ ਝਟ ਆਖ ਦੇਂਦੇ ਨੇ ਛਡੋ ਜੀ ਅਜ ਤਾਂ ਅਖ਼ਬਾਰ ਹੀ ਨਿਕੰਮੀ ਹੈ ਕੁਝ ਨਹੀਂ ਅਖਬਾਰ ਦੇ ਵਿਚ, ਤੇ ਜੇਕਰ ਦੋ ਚਾਰ ਐਸੇ ਵੈਸੇ ਹਾਦਸੇ ਜਾਂ ਚੋਰੀ ਯਾਰੀ ਠੱਗੀ ਦੇ ਵਾਕਿਆਤ ਵਿਸਥਾਰ ਨਾਲ ਲਿਖੇ ਹੋਣ ਤਾਂ ਪੜੇ ਲਿਖੇ ਇੰਞ ਕਠੇ ਹੋ ਜਾਂਦੇ ਨੇ ਜਿਵੇਂ ਸਚ ਮੁਚ ਕਦੇ ਲੋਕੀ ਧਰਮ ਗਰੰਥ ਸੁਨਣ ਵਾਸਤੇ ਕਠੇ ਹੁੰਦੇ ਸਨ ਪਰ ਅਜ ਤਾਂ ਲੋੜ ਹੀ ਸੁਨਣ ਦੀ ਪੈ ਗਈ ਹੈ ਕਿਸ ਤਰ੍ਹਾਂ ਕਿਸੇ ਨੇ ਉਧਾਲਾ ਕੀਤਾ, ਕਿਸ ਤਰ੍ਹਾਂ ਜੋੜੀ ਹੋਟਲ ਵਿਚੋਂ ਫੜੀ ਗਈ, ਲੜਕੀ ਗਰੈਜੂਏਟ ਮੁੰਡਾ ਅਪਟੂਡੇਟ ਹੀ ਨਹੀਂ ਸਗੋਂ ਬੜੇ ਵਡੇ ਘਰਾਂ ਦੇ ਹਨ। ਅਸੀਂ ਸੁਣਦੇ ਸਾਂ ਕਿਸੇ ਵੇਲੇ ਇਕ ਜਾਂ ਦੋ ਡਾਕੂ ਬਾਲਮੀਕ ਜੈਸੇ ਜੰਗਲਾਂ ਵਿਚ ਬੈਠੇ ਰਹਿੰਦੇ ਸਨ ਕੋਈ ਅਨਜਾਣ ਕਾਬੂ ਆ ਗਿਆ, ਓਸ ਨੂੰ ਲੁਟ ਲਿਆ ਜਾਂ ਕੋਈ ਮੁੰਡਾ ਕੁੜੀ ਨਵਾਂ ਜੋੜਾ ਕਿਸੇ ਦੇ ਕਾਬੂ ਆ ਗਿਆ ਤਾਂ ਉਹਨਾਂ ਨੂੰ ਲੁਟ ਲਿਆ, ਇਸ ਤਰਾਂ ਮਾਰਾਂ ਮਾਰਨ ਵਾਲੇ ਹੁੰਦੇ ਸਨ। ਓਦੋਂ ਲੋਕੀ ਤਾਂਹੀ ਬਰਾਤ ਬਣਾ ਕੇ ਰਿਸ਼ਤੇਦਾਰ ਸਜਨ ਮਿੱਤਰ ਨਾਲ ਲੈਕੇ ਜਾਂਦੇ ਸਨ ਸਫ਼ਰ ਵਿਚੋਂ ਡਰਦੇ ਮਾਰੇ ਸਫ਼ਰ ਵਿਚ ਮੋਟਰਾਂ, ਰੇਲਾਂ ਤਾਂ ਹੈ ਨਹੀਂ ਸਨ ਘੋੜੇ ਯੱਕੇ ਆਦਕਾਂ ਤੇ ਜਾਣਾ ਪੈਂਦਾ ਸੀ, ਏਸ ਲਈ ਦੋ ਦੋ ਤਿੰਨ ਤਿੰਨ ਰਾਤਾਂ ਬਰਾਤ ਨੂੰ ਅਟਕਣਾ ਪੈ ਜਾਂਦਾ ਸੀ, ਨਾਲ ਗਏ ਹੋਏ ਬਰਾਤੀ ਹਫ਼ਾਜ਼ਤ ਵਾਸਤੇ ਹੁੰਦੇ ਸਨ ਉਹਨਾਂ ਦੇ ਦਿਲ ਵਿਚ ਦਰਦ ਪਿਆਰ ਦੀ ਭਾਵਨਾਂ ਹੁੰਦੀ ਸੀ ਕਿਉਂਕਿ ਉਹ ਪਛਮੀ ਵਿਦਿਆ ਤੋਂ ਕੋਰੇ ਹੁੰਦੇ ਸਨ ਜਿਸ ਕਰਕੇ ਸਭਨਾਂ ਦੇ ਦਿਲਾਂ ਵਿਚ ਇਜ਼ਤ



www.AKJ.Org

ਦਾ ਖ਼ਿਆਲ ਹੋਣਾ ਜ਼ਰੂਰੀ ਸੀ, ਪਰ ਅਜ ਤਾਂ ਏਡੇ ਪਰਬੰਧ ਹੁੰਦਿਆਂ ਪੜੇ ਲਿਖੇ ਲੋਕ ਜੋ ਜੋ ਬਰਾਤ ਨਾਲ ਜਾ ਕੇ ਭੰਡਨੀ ਕਰਦੇ ਨੇ ਧੀ ਵਾਲਿਆਂ ਦੀ ਤੇ ਮੁੰਡੇ ਵਾਲਿਆਂ ਦੀ, ਉਹ ਰਹੇ ਰੱਬ ਦਾ ਨਾਂ। ਓਦੋਂ ਜੇਹੜਾ ਡਰ ਰਸਤੇ ਵਿਚ ਡਾਕੂਆਂ ਤੋਂ ਸੀ ਅਜ ਉਸ ਤੋਂ ਕਈ ਗੁਣਾਂ ਵਧ ਡਰ ਨਾਲ ਖੜੇ ਬਰਾਤੀਆਂ ਕੋਲੋਂ ਹੈ ਜਿਨ੍ਹਾਂ ਟੁਰਨ ਤੋਂ ਪਹਿਲਾਂ ਹੀ ਸ਼ਰਾਬ ਵਿਚ ਗੁਟ ਹੋ ਜਾਣਾ ਹੈ ਫੇਰ ਪਤਾ ਨਹੀਂ ਕੀ ਕੀ ਬਕਵਾਸ ਕਰਨਾ ਹੈ ਰਸਤੇ ਵਿਚ ਤੇ ਲਾਹ ਕੇ ਹਥ ਫੜਾਣੀ ਹੈ ਇਜ਼ਤ ਸਾਰੀ ਬਣੀ ਬਣਾਈ ਜੋ ਹਜ਼ਾਰਾਂ ਰੁਪੈ ਖ਼ਰਚੇ ਸਨ ਧੀ ਤੇ ਪੁਤਰ ਵਾਲਿਆਂ ਨੇ।

ਬੇਟਾ—ਹਛਾ ਪਿਤਾ ਜੀ, ਏਹ ਤੇ ਸਮਾਜਕ ਗਲ ਹੋਈ ਹੁਣ ਦਸੋ ਮੈਂ ਜੋ ਰੁਪੈ ਲੈ ਕੇ ਤੁਹਾਡੇ ਸਾਹਮਣੇ ਜੇਬਾਂ ਵਿਚ ਪਾ ਲਏ ਹਨ ਉਹ ਮੇਰੇ ਕੋਲੋਂ ਕਿਸ ਤਰ੍ਹਾਂ ਕੋਈ ਖੋਹ ਲਏਗਾ ਜਿਸ ਦਾ ਤੁਹਾਨੂੰ ਫ਼ਿਕਰ ਹੈ।

ਬਾਪ—ਬੇਟਾ ਵੇਖ ਤੂੰ ਬੜਾ ਸਿਆਣਾ ਤੇ ਪੜ੍ਹਿਆ ਹੋਇਆ ਹੈਂ, ਤੂੰ ਰੋਜ਼ ਸਿਨਮਾ ਵੇਖਦਾ ਹੈਂ ਤੇ ਆਪ ਹੀ ਆਣਕੇ ਕਈ ਗਲਾਂ ਦਸਦਾ ਹੁੰਨਾ ਏਂ ਕਿ ਕਿਸ ਤਰਾਂ ਫਿਲਮ ਵਿਚ ਠੱਗੀ ਕਰ ਕਰ ਕੇ ਵਿਖਾਈ ਜਾਂਦੀ ਏ। ਰਸਤੇ ਵਿਚ ਪਤੇਬਾਜ਼ਾਂ ਜਾਂ ਹੋਰ ਲੋਕਾਂ ਵਲੋਂ ਕਿਸ ਤਰਾਂ ਮਿਤਰ ਬਣ ਬਣ ਕੇ ਰੁਮਾਲ ਸੁੰਘਾ ਕੇ ਜਾਂ ਹੋਰ ਕਈ ਪਟੂ ਪਾ ਕੇ ਭਰਮਾ ਕੇ ਲੁਟ ਲੈਣਾ ਤਾਂ ਕਿਧਰੇ ਰਿਹਾ ਸੱਜ-ਵਿਆਹੀਆਂ ਕੁੜੀਆਂ ਨੂੰ ਟੇਸ਼ਨਾਂ ਤੋਂ ਬੈਠੀਆਂ ਨੂੰ ਵਰਗਲਾ ਕੇ ਲੈ ਜਾਂਦੇ ਨੇ ਲੋਫ਼ਰ ਮੁੰਡੇ ਤੇ ਰੋਂਦੇ ਰਹਿ ਜਾਂਦੇ ਨੇ ਉਹਨਾਂ ਦੇ ਪਤੀ ਦੇਵ ਜੀ ਗਵਾ ਕੇ ਅਪਣੀ ਪਤਨੀ ਨੂੰ ਟਿਕਟ ਲੈਣ ਜਾਣ ਦੇ ਥੋੜੇ ਜਿਹੇ ਸਮੇਂ ਵਿਚ ਹੀ।

ਬਾਕੀ ਰਹੀ ਮਾਇਆ ਦੀ ਗਲ। ਤੂੰ ਬੇਸ਼ਕ ਬੜੀ ਸੰਭਾਲ ਕੇ ਪਾ ਲਈ ਜੇਬਾਂ ਵਿਚ, ਪਰ ਕਦੇ ਵੇ-ਖਿਆਈ ਗੁਰੂ ਕੀ ਸਰਾਂ ਸ੍ਰੀ ਅੰਮ੍ਰਿਤਸਰ ਦੀ ਡਿਉੜੀ ਵਿਚ ਕਿੰਨੇ ਜੇਬ ਕਟਿਆਂ ਦੀਆਂ ਫੋਟੋਆਂ ਲਗੀਆਂ ਹਨ, ਜਿਹੜੇ ਫੜੇ ਜਾਂਦੇ ਨੇ ਨਿਤ ਕਿਸੇ ਨਾ ਕਿਸੇ ਜੁਰਮ ਵਿਚ। ਹਾਲਾਂ ਗੁਰੂ ਕਾ ਘਰ ਹੈ ਤੇ ਪਰਬੰਧ ਵੀ ਵਧ ਤੋਂ ਵਧ ਡੀਂਗਾਂ ਮਾਰ ਕੇ ਕਰਦੀਆਂ ਨੇ ਕਾਬਜ਼ ਪਾਰਟੀਆਂ ਪਰ ਉਥੇ ਹੀ ਸਭ ਕੁਝ ਹੋ ਜਾਂਦਾ ਹੈ ਲੋਕਾਂ ਦੇ ਵੇਂਹਦੇ ਵੇਂਹਦੇ।

ਏਸ ਲਈ ਅਜ ਦਮ ਨਹੀਂ ਮਾਰਿਆ ਜਾ ਸਕਦਾ ਜੋ ਮੈਂ ਬੜਾ ਸਿਆਣਾ ਪੜ੍ਹਿਆ ਹੋਇਆ ਹਾਂ ਜਦੋਂ ਲੁਟਣ ਵਾਲੇ ਵੀ ਪੜੇ ਹੋਏ ਸਿਆਣੇ ਮੌਜੂਦ ਹਨ ਹਰ ਥਾਵੇਂ।


## ਵਰ ਦੀ ਲੋੜ ਹੈ

ਇਕ B.Sc. (Agri) ਪਾਸ 'ਤਿਆਰ ਬਰ ਤਿਆਰ' ਸਿੰਘ ਉਮਰ 23 ਸਾਲ, ਕੱਦ ਸਾਢੇ ਪੰਜ ਫੁਟ ਜੱਟ ਸਿੱਖ ਲਈ, ਤਿਆਰ ਬਰ ਤਿਆਰ (ਸਾਬਤ ਸੂਰਤ ਦਸਤਾਰ ਸਿਰਾ) ਸਿੰਘਣੀ B.A. ਜਾਂ Basic ਪਾਸ ਦੀ ਲੋੜ ਹੈ। ਚਾਹਵਾਨ ਹੇਠ ਲਿਖੇ ਪਤੇ ਉਤੇ ਹੋਰ ਵਾਕਫੀਅਤ ਕਰ ਸਕਦੇ ਹਨ।

ਪਤਾ :—ਅਮਰਜੀਤ ਸਿੰਘ ਮਾਨ
ਸਪੁਤ੍ਰ ਸ: ਸ਼ੇਰ ਸਿੰਘ
ਦਸਮੇਸ਼ ਨਗਰ, ਮੋਗਾ (ਜ਼ਿਲਾ ਫ਼ੀਰੋਜ਼ਪੁਰ)




www.AKJ.Org

# ਨੇਵੀ ਦੇ ਸਿਖ ਮੁਲਾਜ਼ਮਾਂ ਨਾਲ ਵਧੀਕੀਆਂ

ਸਾਰੇ ਸਿਖ ਜਗਤ ਵਿਚ ਇਹ ਖ਼ਬਰ ਸੁਣਕੇ ਦੁਖ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਨੇਵੀ ਵਿਚ ਸਿਖ ਮੁਲਾਜ਼ਮਾਂ ਨਾਲ ਦਾੜ੍ਹੀ ਖੁਲ੍ਹੀ ਰਖਣ ਕਾਰਨ ਨਾ ਕੇਵਲ ਨੌਕਰੀ ਤੋਂ ਜਵਾਬ ਹੀ ਦਿਤਾ ਜਾਂਦਾ ਹੈ, ਸਗੋਂ ਕੋਰਟ ਮਾਰਸ਼ਲ ਕਰਕੇ ਕੈਦ ਦੀ ਸਜ਼ਾ ਵੀ ਦਿਤੀ ਜਾ ਰਹੀ ਹੈ, ਇਸ ਮਾਮਲੇ ਦੀ ਜਾਂਚ ਕਰਨ ਲਈ ਭਾਰਤ ਸ੍ਰਕਾਰ ਦੇ ਉਚ ਅਧਕਾਰੀਆਂ ਨੂੰ ਪਿਛਲੇ ਮਹੀਨੇ ਇਕ ਡੈਪੂਟੇਸ਼ਨ ਸੂਰਾ ਪ੍ਰੈਸ, ਪਟਿਆਲਾ ਤੇ ਦਿਲੀ ਦੀ ਗੁ: ਪ੍ਰਬੰਧਕ ਕਮੇਟੀ ਦੇ ਸਕੱਤ੍ਰ ਜ: ਸੰਤੋਖ ਸਿੰਘ ਜੀ ਦੀ ਸਰਕਰਦਗੀ ਹੇਠ ਮਿਲਿਆ। ਭਾਰਤ ਸ੍ਰਕਾਰ ਦੇ ਰਖਿਆ ਮੰਤਰੀ ਸ: ਸਵਰਨ ਸਿੰਘ ਨੇ ਡੈਪੂਟੇਸ਼ਨ ਨੂੰ ਭਰੋਸਾ ਦਿਵਾਇਆ ਕਿ ਇਸ ਦੀ ਪੂਰੀ ਪੜਤਾਲ ਕਰਕੇ ਇਨਸਾਫ਼ ਦਿਵਾਇਆ ਜਾਏਗਾ, ਪਰ ਵੇਖਣ ਵਿਚ ਆਇਆ ਹੈ ਕਿ ਬਜਾਏ ਇਸਦੇ ਐਮ. ਐਸ. ਗਿਲ ਜੋ ਕਿ ਇਸ ਵੇਲੇ ਦਾੜ੍ਹਾ ਖੁਲ੍ਹਣ ਰਖਣ ਦੇ ਦੋਸ਼ ਵਿਚ ਸਜ਼ਾ ਭੁਗਤ ਰਹੇ ਹਨ, ਬਾਰੇ ਪੜਤਾਲ ਕਰਕੇ ਇਨਸਾਫ਼ ਦਿਤਾ ਜਾਂਦਾ ਬਲਕਿ ਉਲਟਾ ਇਕ ਹੋਰ ਸ: ਰਾਜਿੰਦਰ ਸਿੰਘ ਗਾਂਧੀ ਗਰਾਮ (ਵਿਸਾਖਾ ਪਟਨਮ) ਨੂੰ ਇਸੇ ਦੋਸ਼ ਵਿਚ ਫਸਾ ਲਿਆ ਗਿਆ ਤੇ ਉਸਤੇ ਵੀ ਕੋਰਟ ਮਾਰਸ਼ਲ ਲਾ ਦਿਤਾ ਗਿਆ।

23 ਫ਼ਰਵਰੀ ਨੂੰ 'ਸੂਰਾ' ਪਟਿਆਲਾ ਵਲੋਂ ਇਕ ਡੈਪੂਟੇਸ਼ਨ ਡਾਕਟਰ ਮਹਿੰਦਰ ਸਿੰਘ ਜੀ ਦੀ ਸਰਪ੍ਰਸਤੀ ਹੇਠ ਸਿੰਘ ਸਾਹਿਬ ਗਿ: ਭੂਪਿੰਦਰ ਸਿੰਘ ਜੀ ਨੂੰ ਪਟਿਆਲੇ ਮਿਲਿਆ ਤੇ ਸਾਰੇ ਹਾਲਾਤ ਤੋਂ ਜਾਣੂ ਕੀਤਾ, ਉਪ੍ਰੰਤ ਉਸੇ ਦਿਨ 'ਸੂਰਾ' ਵਲੋਂ ਇਕ ਸਿੰਘ ਨੂੰ ਸਪੈਸ਼ਲ ਅੰਮ੍ਰਿਤਸਰ ਭੇਜਿਆ ਗਿਆ ਤੇ ਇਹ ਸਾਰਾ ਮਾਮਲਾ ਸ੍ਰੋ: ਗੁ: ਪ੍ਰਬੰਧਕ ਕਮੇਟੀ ਦੀ ਐਗਜ਼ੈਕਟਿਵ ਵਿਚ ਉਠਾਇਆ ਗਿਆ, ਸੰਤ ਚੰਨਣ ਸਿੰਘ ਜੀ ਪ੍ਰਧਾਨ ਸ੍ਰੋ: ਗੁ: ਪ੍ਰ: ਕਮੇਟੀ ਨੇ ਪੂਰਾ ਭਰੋਸਾ ਦੁਆਇਆ ਤੇ ਇਸ ਸੰਬੰਧੀ ਭਾਰਤ ਸਰਕਾਰ ਨਾਲ ਗਲਬਾਤ ਕਰਨ ਲਈ ਹੇਠ ਲਿਖੇ ਸਜਨਾਂ ਤੇ ਆਧਾਰਤ ਇਕ ਪੰਜ-ਮੈਂਬਰੀ ਕਮੇਟੀ ਨਿਯੁਕਤ ਕਰ ਦਿਤੀ, ਜਿਸ ਵਿਚ ਬੀਬੀ ਨਿਰਲੇਪ ਕੌਰ ਐਮ. ਪੀ., ਸ: ਕਿੱਕਰ ਸਿੰਘ ਐਮ. ਪੀ., ਸ: ਨਰਿੰਦਰ ਸਿੰਘ ਬਰਾੜ ਐਮ. ਪੀ., ਸ: ਚਰਨਜੀਤ ਸਿੰਘ ਦਿਲੀ ਅਤੇ ਗੁ ਪ੍ਰਬੰਧਕ ਕਮੇਟੀ ਦਿਲੀ ਦੇ ਸਕੱਤਰ ਜ: ਸੰਤੋਖ ਸਿੰਘ ਲਏ ਗਏ। ਇਹ ਕਮੇਟੀ ਛੇਤੀ ਹੀ ਪ੍ਰਧਾਨ ਮੰਤ੍ਰੀ ਸ੍ਰੀਮਤੀ ਇੰਦਰਾ ਗਾਂਧੀ, ਰਖਿਆ ਮੰਤਰੀ ਸ: ਸਵਰਨ ਸਿੰਘ, ਗ੍ਰਹਿ ਮੰਤਰੀ ਸ੍ਰੀ ਚਵਾਨ ਤੇ ਹੋਰ ਸੰਬੰਧਤ ਅਧਿਕਾਰੀਆਂ ਨਾਲ ਗਲਬਾਤ ਕਰੇਗੀ।

# ਸਾਲਾਨਾ ਅਖੰਡ ਕੀਰਤਨ ਸਮਾਗਮ ਕੋਟਾ (ਰਾਜਿਸਥਾਨ)

ਸਤਿਕਾਰ ਯੋਗ ਖਾਲਸਾ ਜੀਓ!

ਸਨਿਮਰ ਬੇਨਤੀ ਹੈ ਹਰ ਸਾਲ ਦੀ ਤਰਾਂ ਐਤਕੀਂ ਵੀ 27, 28 ਤੇ 29 ਮਾਰਚ 1969 ਨੂੰ ਅਖੰਡ ਕੀਰਤਨ ਦੇ ਅਦੁੱਤੀ ਸਮਾਗਮ ਕੋਟਾ ਵਿਖੇ ਹੋ ਰਹੇ ਹਨ ਤੇ ਪੂਰੀ ਸਮਾਪਤੀ 30 ਮਾਰਚ ਨੂੰ ਹੋਵੇਗੀ ਇਹਨਾਂ ਸਮਾਗਮਾਂ ਵਿਚ ਗੁਰਪੁਰਵਾਸੀ ਭਾ: ਸਾ: ਭਾ: ਰਣਧੀਰ ਸਿੰਘ ਜੀ ਦੇ ਸਮੁਚੇ ਅਖੰਡ ਕੀਰਤਨੀ ਜਥੇ ਭਾਰਤ ਵਾਰਸ਼ ਦੇ ਕੋਨੇ ਕੋਨੇ ਤੋਂ ਦਰਸ਼ਨ ਦੇ ਰਹੇ ਹਨ। ਸੰਮੂਹ ਸੰਗਤਾਂ ਇਹਨਾਂ ਅਦੁਤੀ ਸਮਾਗਮਾਂ ਵਿਚ ਹਾਜ਼ਰੀ ਭਰਕੇ ਲਾਹਾ ਲੈਣ।

ਨੋਟ:—ਕੋਟਾ ਜੰਕਸ਼ਨ ਵੈਸਟਰਨ ਰੇਲਵੇ ਦੀ ਦਿੱਲੀ-ਬੰਬਈ ਮੇਨ ਲਾਈਨ ਤੇ ਹੈ, ਦਿਲੀ ਤੋਂ ਫਰੰਟੀਅਰ ਮੇਲ, ਜਨਤਾ ਐਕਸਪਰੈਸ ਤੇ ਡੇਹਰਾਦੂਨ ਐਕਸਪਰੈਸ ਗੱਡੀਆਂ 8 ਵਜੇ, 15 ਵਜੇ ਤੇ 21-30 ਵਜੇ ਮਿਲਦੀਆਂ ਹਨ, ਜੋ ਸਿੱਧੀਆਂ ਕੋਟਾ ਪਹੁੰਚਦੀਆਂ ਹਨ, ਸਮਾਗਮ ਅਸਥਾਨ ਸਟੇਸ਼ਨ ਤੋਂ ਫ਼ਰਲਾਂਗ-ਡੇਢ ਫ਼ਰਲਾਂਗ ਦੀ ਵਿੱਥ ਤੇ ਹੈ।

ਦਾਸਰੇ—ਸੰਗਤ ਕੋਟਾ (ਰਾਜਿਸਥਾਨ)



www.AKJ.Org

# ਟੂਟੀ ਗੰਢਣ ਵਾਲਾ ਪ੍ਰੀਤਮ

( ਵਲੋਂ—ਭਾਈ ਮਨਮੋਹਨ ਸਿੰਘ ਜੀ "ਬੁਤਾਲਾ" )

ਪਹਾੜੀ ਰਾਜਿਆਂ ਨੇ ਜਿਨਾਂ ਗੁਰੂ ਜੀ ਨਾਲ ਵੈਰ ਕਮਾਇਆ ਉਤਨਾ ਇਤਿਹਾਸ ਵਿਚ ਹੋਰ ਕਿਸੇ ਦਾ ਜ਼ਿਕਰ ਨਹੀਂ ਆਉਂਦਾ। ਦਿਲੀ ਦੇ ਬਾਦਸ਼ਾਹ ਜੋ ਔਰੰਗਜ਼ੇਬ ਸੀ ਉਸ ਨੂੰ ਭੀ ਇਹ ਲੋਕ ਜ਼ਿਆਦਾ ਵੱਧਾ ਚੜ੍ਹਾ ਕੇ ਫ਼ਰਿਆਦਾਂ ਕਰਦੇ ਤੇ ਉਸ ਨੂੰ ਗੁਰੂ ਜੀ ਉਤੇ ਹਮਲਾ ਕਰਨ ਲਈ ਕਹਿੰਦੇ। ਇਕ ਵਰ ਜਦੋਂ ਅਨੰਦਪੁਰ ਉਤੇ ਕਈ ਮਹੀਨੇ ਘੇਰਾ ਪਿਆ ਰਿਹਾ ਬਾਹਰੋਂ ਰਸਦ ਆਉਣੀ ਬੰਦ ਹੋ ਗਈ, ਉਸ ਵਕਤ ਸਿੰਘ ਭੁਖ ਤੋਂ ਤੰਗ ਆ ਕੇ ਵਿਆਕੁਲ ਹੋ ਰਹੇ ਸਨ ਪਰ ਇਹ ਜਰਨੀ ਭੀ ਬਹੁਤ ਔਖੀ ਹੈ ਤਾਂਹੀ ਫ਼ਰੀਦ ਜੀ ਨੇ ਝਟ ਕਹਿ ਦਿਤਾ 'ਫਰੀਦਾ ਮੌਤੋਂ ਭੁਖ ਬੁਰੀ' ਏਹੋ ਜਿਹੇ ਭਿਆਨਕ ਸਮੇਂ ਵਿਚ ਹੀ ਬਾਈਧਾਰ ਦੇ ਪਹਾੜੀ ਰਾਜਿਆਂ ਨੇ ਸ਼ਰਾਬ ਨਾਲ ਮਸਤ ਕਰ ਕੇ ਮਥੇ ਆਦਿ ਤੇ ਲੋਹੇ ਦੇ ਤਵੇ ਬੰਨ੍ਹ ਕੇ ਹਾਥੀ ਲੋਹਗੜ੍ਹ ਦੇ ਕਿਲੇ ਦਾ ਦਰਵਾਜ਼ਾ ਤੋੜਨ ਲਈ ਭੇਜਿਆ, ਜਿਸ ਕਿਲੇ ਵਿਚ ਗੁਰੂ ਜੀ ਤੇ ਮੁੱਠੀ ਭਰ ਸਿੰਘ ਕਈ ਦਿਨਾਂ ਦੇ ਭੁਖੇ ਅੰਦਰ ਸਨ ਪਰ ਉਹਨਾਂ ਭੁਖੇ ਭਾਣਿਆਂ ਵਿਚ ਭੀ ਸ਼ੇਰਾਂ ਨਾਲੋਂ ਵੱਧ ਹੌਸਲੇ ਰਖਣ ਵਾਲੇ ਭਾਈ ਬਚਿਤ੍ਰ ਸਿੰਘ ਵਰਗਿਆਂ ਨੇ ਮਸਤ ਹਾਥੀ ਦਾ ਮੁਕਾਬਲਾ ਇਕ ਨਾਗਨੀ ਨਾਲ ਕੀਤਾ ਜਿਸ ਦਾ ਸਦਕਾ ਹਾਥੀ ਚੀਕਾਂ ਮਾਰਦਾ ਪਿਛੇ ਮੁੜ ਗਿਆ ਅਤੇ ਦੁਸ਼ਮਣ ਦੀ ਫੌਜ ਨੂੰ ਹੀ ਲਗਾ ਕੁਚਲਣ। ਗੁਰੂ ਜੀ ਨੇ ਬਚਿਤ੍ਰ ਸਿੰਘ ਨੂੰ ਛਾਤੀ ਨਾਲ ਲਾਇਆ ਅਤੇ ਬੜਾ ਪਿਆਰ ਕੀਤਾ। ਉਹ ਨਾਗਨੀ ਅਜੇ ਤਕ ਸ੍ਰੀ ਅਨੰਦਪੁਰ ਸਾਹਿਬ ਮੌਜੂਦ ਹੈ। ਇਸ ਲੜਾਈ ਵਿਚ ਪਹਾੜੀ ਰਾਜਿਆਂ ਦੀ ਹਾਰ ਹੋਈ ਅਤੇ ਉਹ ਬਹੁਤ ਦੁਖੀ ਹੋਏ।

ਕੁਝ ਸਮਾਂ ਪਾ ਕੇ ਹੀ ਪਹਾੜੀ ਹਿੰਦੂ ਰਾਜੇ ਇਕੱਠੇ ਹੋ ਕੇ ਔਰੰਗਜ਼ੇਬ ਕੋਲ ਦਿਲੀ ਗਏ ਅਤੇ ਲਗੇ ਗੁਰੂ ਜੀ ਦੀ ਮੁਖਾਲਫ਼ਤ ਕਰਨ, ਜਿਸ ਕਰਕੇ ਬਾਦਸ਼ਾਹ ਨੇ ਬਹੁਤ ਵਡੀ ਫੌਜ ਦੇ ਕੇ ਅਨੰਦਪੁਰ ਉਤੇ ਚੜ੍ਹਾਈ ਕਰਾ ਦਿਤੀ, ਗਲ ਕੀ ਅਨੰਦਪੁਰ ਸਾਹਿਬ ਨੂੰ ਕਈ ਲੱਖ ਲੱਖ ਫੌਜਾਂ ਨੇ ਘੇਰਾ ਪਾ ਲਿਆ ਅਤੇ ਅੱਲਾ-ਹੂ ਦੇ ਨਾਹਰਿਆਂ ਨਾਲ ਮਾਨੋਂ ਅਸਮਾਨ ਗੂੰਜਣ ਲਗਾ, ਕਈ ਦਿਨ ਘਮਸਾਨ ਦਾ ਜੰਗ ਹੁੰਦਾ ਰਿਹਾ ਪਰ ਸਿੰਘ ਥੋੜੇ ਹੋਣ ਦੇ ਕਾਰਨ ਅਨੰਦਗੜ੍ਹ ਕਿਲੇ ਦੇ ਅੰਦਰ ਚਲੇ ਗਏ ਅਤੇ ਅੰਦਰੋਂ ਹੀ ਦੁਸ਼ਮਣ ਦਾ ਪੂਰੇ ਜ਼ੋਰ ਨਾਲ ਮੁਕਾਬਲਾ ਕਰਦੇ ਰਹੇ। ਕਿਲੇ ਦੇ ਅੰਦਰ ਦਾ ਰਾਸ਼ਨ ਮੁਕ ਗਿਆ ਤੇ ਭੁਖ ਤੋਂ ਤੰਗ ਆ ਕੇ ਗੁਰੂ ਜੀ ਤੋਂ ਲਗੇ ਘਰਾਂ ਨੂੰ ਜਾਣ ਦੀ ਆਗਿਆ ਮੰਗਣ, ਪਰ ਕਲਗੀ ਵਾਲੇ ਪ੍ਰੀਤਮ ਅਗੋਂ ਸਿੰਘਾਂ ਨੂੰ ਕਹਿੰਦੇ ਕਿ ਖਾਲਸਾ ਜੀ ਇਸ ਵਕਤ ਤੁਹਾਡਾ ਇਮਤਿਹਾਨ ਹੋ ਰਿਹਾ ਹੈ ਕੁਝ ਦਿਨ ਹੋਰ ਰਹਿ ਜਾਵੋ ਜਿਤ ਸਾਡੀ ਹੀ ਹੋਵੇਗੀ ਪਰ ਕੁਝ ਕੁ ਸਿੰਘ ਬਹੁਤੇ ਆਕੀ ਹੋ ਗਏ ਜਿਨ੍ਹਾਂ ਵਿਚ ਮਹਾਂ ਸਿੰਘ ਸਿੰਘਾਂ ਦਾ ਜਥੇਦਾਰ ਪਿੰਡ ਸੁਰ ਸਿੰਘ ਜ਼ਿਲਾ ਅੰਮ੍ਰਿਤਸਰ ਦਾ ਸੀ। ਓਸ ਦੇ ਨਾਲ ਚਾਲੀ ਸਿੰਘ ਗੁਰੂ ਜੀ ਨੂੰ ਲਿਖ ਕੇ ਦੇ ਗਏ ਕਿ ਤੂੰ ਸਾਡਾ ਗੁਰੂ ਨਹੀਂ। ਅਸੀਂ ਤੇਰੇ ਸਿਖ ਨਹੀਂ ਕਾਗਜ਼ ਦੇ ਆਏ ਤੇ ਘਰਾਂ ਨੂੰ ਚਾਲੇ ਪਾ ਦਿਤੇ, ਇਹ ਸਿਖੀ ਨਿਭਾਉਣੀ ਕੋਈ ਸੌਖੀ ਜਹੀ ਗਲ ਨਹੀਂ ਹੈ। 'ਖੰਨਿਅਹੁ ਤਿਖੀ ਵਾਲਹੁ ਨਿਕੀ ਏਤਿ ਮਾਰਗਿ ਜਾਣਾ ॥' ਬਸ ਗਲ ਕੀ ? ਬਿਪਤਾ ਪਈ ਤੋਂ ਸਭ



www.AKJ.Org

ਸੰਗ ਛਡ ਗਏ । ਘਰ ਪਹੁੰਚ ਜਾਂਦੇ ਹਨ ਅਗੋਂ ਬੀਬੀਆਂ ਨੂੰ ਪਤਾ ਲਗਾ ਹੈ ਕਿ ਦੁਸ਼ਮਣ ਦੇ ਘੇਰੇ ਗੁਰੂ ਜੀ ਨੂੰ ਛਡ ਕੇ ਆ ਗਏ ਹਨ । ਉਨ੍ਹਾਂ ਬਹੁਤ ਤਾਹਨੇ ਮਾਰੇ ਅਖੀਰ ਮਾਤਾ ਭਾਗੋ ਜੀ ਜੋ ਤਿਆਰ-ਬਰ ਤਿਆਰ ਸਿੰਘਣੀ ਸੀ ਹਥ ਵਿਚ ਤਲਵਾਰ ਲੈਕੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਬੁਲਾਉਂਦੀ ਹੋਈ ਲਗੀ ਪਿੰਡ ਵਿਚ ਫਿਰਨ ਕਿ ਚਲੋ ਹੁਣ ਇਹ ਬੁਜ਼ਦਿਲ ਆਦਮੀ ਘਰਾਂ ਦੇ ਕੰਮ ਕਰਿਆ ਕਰਨਗੇ ਪਰ ਅਸੀਂ ਬਹਾਦਰਾਂ ਵਾਂਗ ਜੰਗ ਵਿਚ ਜਾਕੇ ਸ਼ਹੀਦੀ ਪ੍ਰਾਪਤ ਕਰਾਂਗੇ ਕਿਉਂਕਿ ਇਸ ਵੇਲੇ ਪੰਥ ਦੇ ਬਾਨੀ ਗੁਰੂ, ਸਰਬੰਸ ਵਾਰਨ ਵਾਲੇ ਗੁਰੂ, ਦੁਸ਼ਮਣ ਦੇ ਘੇਰੇ 'ਚ ਹਨ ਉਨ੍ਹਾਂ ਦੀ ਮਦਦ ਕਰੀਏ, ਗਲ ਕੀ ਪਿੰਡ ਪਿੰਡ 'ਚ ਮਾਤਾ ਜੀ ਨੇ ਇਹ ਖ਼ਬਰ ਪਹੁੰਚਾਈ ਮਾਤਾ ਜੀ ਦੀ ਜਥੇਦਾਰੀ ਹੇਠਾਂ ਉਹ ਬੇਮੁਖ ਸਿੰਘਾਂ ਤੋਂ ਇਲਾਵਾ ਹੋਰ ਭੀ ਕਈ ਸਿੰਘ ਮਾਝ ਮਾਲਵੇ, ਦੁਆਬੇ ਦੇ ਆ ਸ਼ਾਮਲ ਹੋਏ। ਮੰਜ਼ਲੋ ਮੰਜ਼ਲੀ ਤੁਰਦੇ ਹੋਏ ਮੁਕਤਸਰ ਦੀ ਧਰਤੀ ਤੇ ਗੁਰੂ ਜੀ ਦੀ ਦਸ ਪੈ ਗਈ ਅਤੇ ਗੁਰੂ ਜੀ ਦਾ ਪਿਛਾ ਵਜ਼ੀਦ ਖਾਂ ਸੂਬਾ ਸਰਹੰਦ ਦੀਆਂ ਫੌਜਾਂ ਨੇ ਕੀਤਾ ਹੋਇਆ ਸੀ। ਗੁਰੂ ਜੀ ਭੀ ਇਕ ਉਚੀ ਟਿਬੀ ਤੇ ਕੁਝ ਸਿੰਘਾਂ ਸਮੇਤ ਜੰਗ ਦਾ ਮੁਕਾਬਲਾ ਕਰਨ ਲਈ ਤਿਆਰ ਬੈਠੇ ਹੋਏ ਸਨ। ਇਤਹਾਸ ਦਸਦਾ ਹੈ ਕਿ ਮਾਈ ਭਾਗੋ ਦੀਜਥੇਦਾਰੀ ਹੇਠਾਂ ਕੋਈ 700 ਸਿੰਘ ਸੀ ਜੋ ਦੁਸ਼ਮਣ ਦੀ ਫੌਜ ਦਾ ਮੁਕਾਬਲਾ ਕਰਨ ਨੂੰ ਮੋਰਚੇ ਪੁਟ ਕੇ ਡੱਟ ਗਏ ਪਰ ਗੁਰੂ ਜੀ ਨੂੰ ਇਨ੍ਹਾਂ ਸਿੰਘਾਂ ਬਾਰੇ ਕੋਈ ਪਤਾ ਨਹੀਂ ਸੀ ਅਤੇ ਨਾ ਹੀ ਦੁਸ਼ਮਣ ਨੂੰ ਪਤਾ ਸੀ ਕਿ ਗੁਰੂ ਜੀ ਕਿਥੇ ਬੈਠੇ ਹਨ। ਉਸ ਵੇਲੇ ਘਮਸਾਨ ਦਾ ਜਗ ਹੋਇਆ। ਦਸਮੇਸ਼ ਪਿਤਾ ਦੇ ਤੀਰ ਟਿਬੀ ਦੇ ਉਤੋਂ ਹੀ ਦੁਸ਼ਮਣਾਂ ਦੀਆਂ ਛਾਤੀਆਂ ਵਿੰਨਦੇ ਤੁਰੇ ਜਾਂਦੇ।

ਹਜ਼ਾਰਾਂ ਦੁਸ਼ਮਣ ਮਾਰ ਕੇ ਸਾਰੇ ਸਿੰਘ ਸ਼ਹੀਦ ਹੋ ਗਏ ਮਾਤਾ ਭਾਗੋ ਜੀ ਭੀ ਕਾਫੀ ਫਟੜ ਹੋ ਗਏ ਜਦ ਦੁਸ਼ਮਣ ਨੇ ਵੇਖਿਆ ਕਿ ਇਸ ਵਖਤ ਖਾਲਸੇ ਦੀ ਸਾਰੀ ਫ਼ੌਜ ਖਤਮ ਹੋ ਗਈ ਹੈ ਤਾਂ ਪਾਣੀ ਦੀ ਥੁੜ ਕਰਕੇ ਦੁਸ਼ਮਣ ਫੌਜਾਂ ਨੇ ਪਿਛਾਂ ਮੋੜੇ ਪਾ ਦਿਤੇ।

ਇਤਨੇ ਸ਼ਹੀਦ ਸਿੰਘਾਂ ਵਿਚ ਇਕ ਸਹਿਕਦੀ ਲਾਸ਼ ਚੋਂ ਕੁਝ ਨਿੰਮ੍ਹੀ ਨਿੰਮ੍ਹੀ ਆਵਾਜ਼ ਆ ਰਹੀ ਸੀ ਕਲਗੀ ਵਾਲੇ ਪਿਤਾ ! ਮੈਂ ਇਸ ਵਕਤ ਅੰਤਮ ਦੰਮ ਤੇ ਪਹੁੰਚ ਗਿਆ ਹਾਂ, ਇਹ ਕੁਝ ਸਵਾਸ ਸ਼ਾਇਦ ਤੇਰਾ ਇੰਤਜ਼ਾਰ ਹੀ ਕਰਨ ਲਈ ਬਾਕੀ ਹਨ। ਤੇਰਾ ਓਹੋ ! ਅਨੰਦਪੁਰ ਬੇਦਾਵਾ ਦੇਣ ਵਾਲਾ ਮਹਾਂ ਸਿੰਘ ਜਿਸ ਨੂੰ ਉਸ ਸਮੇਂ ਤੂੰ ਜਥੇਦਾਰ ਬਣਾਇਆ ਸੀ, ਉਹ ਅਜ ਇਸ ਰਣਭੂਮੀ ਵਿਚ ਤੈਨੂੰ ਯਾਦ ਕਰ ਰਿਹਾ ਈ, ਪਰ ਓਹ ਕਲਗੀਵਾਲੇ ! ਇਸ ਵਕਤ ਆਵੀਂ ਜ਼ਰੂਰ ਪਰ, ਪਰ ਤੂੰ ਆਵੇਂਗਾ ਭੀ, ਮੈਂ ਉਹੋ ਹੀ ਹਾਂ ਨਾ। ਜਿਸ ਨੇ ਲਿਖ ਕੇ ਤੈਨੂੰ ਦਿਤਾ ਸੀ ਕਿ ਤੂੰ ਸਾਡਾ ਗੁਰੂ ਨਹੀਂ ਅਸੀਂ ਤੇਰੇ ਸਿਖ ਨਹੀਂ ਪਰ ਮੈਨੂੰ ਇਹ ਭੀ ਪਤਾ ਹੈ ਕਿ ਦਿਆਲੂ ਹੈਂ ਸਾਡੇ ਅਉਗਣਾਂ ਵਲ ਨਹੀਂ ਵੇਖੇਂਗਾ ਕਿਉਂਕਿ ਇਸ ਵਕਤ ਮੈਂ ਤੇਰੀ ਸ਼ਰਣ ਹਾਂ।

'ਜੋ ਸਰਣ ਆਵੈ ਤਿਸ ਕੰਠ ਲਾਵੈ, ਅਉਗਣ ਕੋ ਨਾ ਚਿਤਾਰੇ ॥' ਇਸ ਵਕਤ ਮੈਨੂੰ ਮੇਰੇ ਨਾਲ ਦੇ ਸਾਥੀ ਦਿਸ ਰਹੇ ਹਨ ਉਹ ਬੈਕੁੰਠਾਂ ਦੇ ਦਰਵਾਜ਼ੇ ਅਗੇ ਖਲੋਤੇ ਹਨ ਅਤੇ ਦਰਵਾਜ਼ਾ ਖੋਲ੍ਹਣ ਨੂੰ ਕਹਿ ਰਹੇ ਹਨ ਪਰ ਅਗੋਂ ਪਹਿਰੇਦਾਰ ਕਹਿੰਦੇ ਹਨ ਤੁਸੀਂ ਗੁਰੂ ਤੋਂ ਬੇਮੁਖ ਹੋ, ਇਸ ਕਰ ਕੇ ਇਹ ਦਰਵਾਜ਼ਾ ਨਹੀਂ ਖੁਲੇਗਾ। ਜਾਨ ਟੁਟ ਰਹੀ ਹੈ। ਸਾਥੀ ਅਵਾਜ਼ਾਂ ਮਾਰ ਰਹੇ ਹਨ, ਪਰ ਹਾਏ ਅਸੀਂ ਸਾਰੇ ਬੇਮੁਖੀ। ਸਚੀਂ ਅਸੀਂ ਉਸ ਤਰਲੋਕੀ ਦਾ ਮਾਲਕ, ਅਰਸ਼ਾਂ ਦਾ ਵਾਲੀ, ਧਰਮ ਜੁਝ ਕਰਨ ਵਾਲਾ ਗੁਰੂ, ਜਿਸ ਨੂੰ ਕਿਹਾ ਤੂੰ ਸਾਡਾ ਗੁਰੂ ਨਹੀਂ ਲੋਕ ਪ੍ਰਲੋਕ ਦੋਵੇਂ ਵਿਗੜ ਗਏ ਜੰਗ ਵਿਚ ਸ਼ਹੀਦ ਹੋਏ ਪਰ ਫੇਰ ਭੀ ਕੋਈ ਮੁਲ ਨਹੀਂ ਪਿਆ ਓਹੋ ? ਬਾਜਾਂ ਵਾਲੇ ਗੁਰੂ ਉਹ ਕਲਗੇਸ਼ ਪਿਤਾ, ਇਸ ਵਕਤ ਮੇਰੇ ਕੋਲ ਆ ਤੇ ਮੇਰੀ ਆਖਰੀ ਦਿਲ ਦੀ ਆਸ ਪੂਰੀ ਕਰ, ਮੈਂ ਤੇਰੇ ਦਰਸ਼ਨਾਂ ਦੇ ਕਾਬਲ ਤਾਂ ਨਹੀਂ ਹਾਂ ਕਿਉਂਕਿ ਤੇਰੇ ਤੋਂ ਬੇਮੁਖ ਹੋ ਕੇ ਘਰਾਂ ਨੂੰ ਸਾਥੀਆਂ ਸਮੇਤ ਚਲਾ ਗਿਆ।

ਹਾਇ ਉਸ ਸਮੇਂ ਦਾ ਸੀਨ ! ਮੁਠੀ ਭਰ ਸਿੰਘ ਅਨੰਦ ਗੜ੍ਹ ਦੇ ਕਿਲੇ ਅੰਦਰ ਘਿਰ ਹੋਏ ਕਈ



www.AKJ.Org

ਚਿਰਾਂ ਤੋਂ ਭੁਖੇ ਪਰ ਸਾਨੂੰ ਸ਼ਰਮ ਨਾ ਆਈ ਅਸੀਂ ਆਪਣੇ ਪਿਆਰੇ ਪ੍ਰੀਤਮ ਨੂੰ ਮੁਸੀਬਤ ਦੇ ਸਮੇਂ ਬੇਦਾਵਾ ਦੇ ਕੇ ਚਲੇ ਗਏ। ਉਸ ਤੋਂ ਪਿਛੋਂ ਕਿਤਨੀਆਂ ਘਟਨਾਵਾਂ ਵਾਪਰੀਆਂ ਅਨੰਦਪੁਰ ਛਡ ਗਏ। ਪਿਆਰੇ ਸਿਘ ਸ਼ਹੀਦ ਹੋ ਗਏ. ਤੇਰੇ ਜਿਗਰ ਦੇ ਟੁਕੜੇ ਚਾਰ ਲਾਲ ਭੀ ਸ਼ਹੀਦੀ ਦਾ ਜਾਮ ਚਖ ਗਏ ਮਖ਼ਮਲੀ ਸੇਜਾਂ ਤੇ ਰਹਿਣ ਵਾਲਾ ਤੇਰਾ ਸਰੀਰ ਜੰਗਲਾਂ ਵਿਚ ਰੁਲਦਾ ਫਿਰਿਆ। ਕਿਸ ਖਾਤਰ ? ਇਸ ਖਾਲਸੇ ਨੂੰ ਜੀਊਣ ਦੀ ਜਾਚ ਸਿਖਾਉਣ ਖਾਤਰ ? ਇਸ ਖਾਲਸੇ ਦੀ ਨੀਂਹ ਪੱਕੀ ਕਰਨ ਖਾਤਰ ? ਸਾਡੀ ਆਉਣ ਵਾਲੀ ਨਸਲ ਨੂੰ ਸਮਝਾਉਣ ਖਾਤਰ ਕਿ ਬਿਪਤਾ ਸਮੇਂ ਭੀ ਆਦਮੀ ਅਣਖ ਨਾਲ ਜੀਊ ਸਕਦਾ ਹੈ। ਇਹ ਸੀ ਜਥੇਦਾਰ ਮਹਾਂ ਸਿਘ ਦੀ ਰਣਭੂਮੀ ਅੰਦਰ ਪੁਕਾਰ ਇਹ ਸੀ ਜਥੇਦਾਰ ਦੇ ਤਰਲੇ ਸਵਾਸ ਭਾ ਥੋੜੇ ਸਨ ਮਿਲਾਪ ਭੀ ਜ਼ਰੂਰੀ ਸੀ।

'ਬਿਰਥਾ ਕਦੇ ਨਾ ਹੋਵਈ ਜਨ ਕੀ ਅਰਦਾਸਿ॥ ਫੇਰ ਗੁਰੂ ਕਲਗੀ ਵਾਲੇ ਅਗੇ ਜੋ ਆਪ ਆਪਣੀ ਕਲਮ ਨਾਲ ਲਿਖਦੇ ਹਨ 'ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀਂ ਮੋ ਸੋ ਗਰੀਬ ਕਰੋਰਿ ਪਰੇ॥ ਉਸ ਰਣ ਭੂਮੀ ਵਿਚ ਹਾਜ਼ਰ ਹੁੰਦੇ ਹਨ, ਆਪਣੇ ਹਥੀ ਸਜਾਏ ਜਥੇਦਾਰ ਦੀ ਸਹਿਕਦੀ ਲਾਸ਼ ਕੋਲ ਬੈਠ ਜਾਂਦੇ ਹਨ। ਉਸ ਪਿਆਰੇ ਦਾ ਸੀਸ ਆਪਣੀ ਗੋਦੀ ਵਿਚ ਲੈਕੇ ਅਖਾਂ ਤੇ ਮੁਖ ਨੂੰ ਰੁਮਾਲ ਨਾਲ ਸਾਫ ਕਰਦੇ ਹਨ। ਥੋੜਾ ਜਿਹਾ ਪਾਣੀ ਆਪਣੇ ਹੱਥੀਂ ਮੂੰਹ ਵਿਚ ਪਾਉਂਦੇ ਹਨ। ਮਹਾਂ ਸਿਘ ਦੀਆਂ ਅੱਖਾਂ ਖੁਲਦੀਆਂ ਹਨ, ਉਹ ਵੇਖਦਾ ਹੈ ਕਿ ਐਹ! ਕਲਗੀ ਵਾਲੇ ਪਾਤਸ਼ਾਹ ਦੀ ਗੋਦੀ ਵਿਚ ਮੇਰਾ ਸੀਸ! ਗਲਾ ਭਰ ਆਉਂਦਾ ਹੈ ਤੇ ਹੋਲੀ ਜਹੀ ਕਹਿੰਦਾ ਹੈ। ਐਹ! ਬਾਜਾਂ ਵਾਲੇ ਮੈਂ ਤਾਂ ਬੇ ਮੁਖੀ ਹਾਂ ਮੈਂ ਸਿਖੀ ਤੋਂ ਬੇ ਮੁਖ ਹੋਕੇ ਤੈਨੂੰ ਲਿਖ ਕੇ ਦੇ ਦਿਤਾ ਸੀ। ਪਰ ਮੇਰੇ ਅਉਗਣਾਂ ਵਲ ਨਾ ਵੇਖੀਂ, ਮੈਨੂੰ ਬਖਸ਼ ਲੈ ਟੁਟੀ ਗੰਢ ਲਓ।

ਸਰਬੰਸ ਦਾਨੀ ਸਤਿਗੁਰੂ ਅਪਣੇ ਜਥੇਦਾਰ ਨਾਲ ਪਿਆਰ ਕਰਦੇ ਹਨ ਆਪਣੇ ਕੋਮਲ ਹੱਥ ਉਸ ਦੇ ਮੁਖ ਤੇ ਫੇਰਦੇ ਹਨ ਤੇ ਕਹਿੰਦੇ ਹਨ ਕਿ ਮਹਾਂ ਸਿੰਘ ਇਸ ਵਕਤ ਕੁਝ ਮੰਗ, ਜੇ ਕਹੇਂ ਤਾਂ ਤੈਨੂੰ ਤ੍ਰਿਲੋਕੀ ਦਾ ਰਾਜਾ ਬਣਾ ਦਿਆਂ। ਜੇ ਕਹੇਂ ਤਾਂ ਇਸ ਲੋਕ ਦੀ ਪਾਤਸ਼ਾਹੀ ਤੈਨੂੰ ਦੇ ਦਿਆਂ। ਪਰ ਛੇਤੀ ਛਤੀ ਬੋਲ ਜ਼ਰੂਰ ਕੋਈ ਮੰਗ ਮੰਨ ਲੈ ਅਜ ਮੈਂ ਤੇਰੇ ਉਤੇ ਬਹੁਤ ਖੁਸ਼ ਹਾਂ ਤੁਸਾਂ ਨੇ ਮੈਨੂੰ ਜਿਤ ਲਿਆ, ਤੁਹਾਡੇ ਤੋਂ ਬਗੈਰ ਮੈਨੂੰ ਕੌਣ ਜਾਣਦਾ ਹੈ 'ਜੁਧ ਜਿਤੇ ਇਨਹੀ ਕੇ ਪ੍ਰਸਾਦਿ॥

ਮਹਾਂ ਸਿੰਘ ਅਜੇ ਬੋਲਦਾ ਹੈ ਕਿ ਪਾਤਸ਼ਾਹ ਸਭ ਕੁਝ ਆਪ ਜਾਣਦੇ ਹੀ ਹੋ; ਕਿਉਂ ਮਮਤਾ ਵਿਚ ਰੋਹ ਪਾਕੇ ਮੇਰੀ ਜਾਨ ਤੜਫਾਉਂਦੇ ਹੋ ਔਹ ਵੇਖੋ! ਸਾਥੀ ਵਿਆਕੁਲ ਹੋਕੇ ਮੈਨੂੰ ਆਵਾਜ਼ਾਂ ਮਾਰ ਰਹੇ ਹਨ। ਉਹ ਅਨੰਦਪੁਰ ਵਿਚ ਲਿਖਿਆ ਕਾਗਜ਼ ਜੋ ਤੈਨੂੰ ਲਿਖਕੇ ਦਿਤਾ ਸੀਕਿ ਤੂੰ ਸਾਡਾ ਗੁਰੂ ਨਹੀਂ ਅਸੀਂ ਤੇਰੇ ਸਿਖ ਨਹੀਂ। ਉਹ ਮੇਰੀ ਅਖਾਂ ਦੇ ਸਾਹਮਣੇ ਪਾੜ ਦੇ ਤਾਂ ਕਿ ਸਾਨੂੰ ਪ੍ਰਲੋਕ ਵਿਚ ਜਾਣ ਦੀ ਰੁਕਾਵਟ ਹਟ ਜਾਵੇ ਬਸ ਮੇਰੀ ਆਖਰੀ ਖਾਹਿਸ਼ ਏਹੋ ਹੀ ਹੈ।

ਗੁਰੂ ਜੀ ਮੇਹਰਾਂ ਦੇ ਦਾਤੇ ਮਹਾਂ ਸਿਘ ਵਲ ਵੇਖ ਰਹੇ ਹਨ ਅਤੇ ਨਾਲ ਕੁਝ ਇਸ ਤਰ੍ਹਾਂ ਦੇ ਬਚਨ ਭੀ ਕਰ ਰਹੇ ਹਨ, ਮਹਾਂ ਸਿੰਘਾ ਤੈਨੂੰ ਪਤਾ ਹੈ, ਕਿ ਤੁਹਾਡੇ ਜਾਣ ਤੋਂ ਬਾਦ ਦੁਸ਼ਮਨ ਦੀਆਂ ਝੂਠੀਆਂ ਸੌਹਾਂ ਉਤੇ ਇਤਬਾਰ ਕਰਕੇ ਕਿਲਾ ਖਾਲੀ ਕਰਨਾ ਪਿਆ। ਸਰਸਾ ਨਦੀ ਦੇ ਕਿਨਾਰੇ ਭਾਰੀ ਜੁਧ ਹੋਇਆ! ਕਈ ਮੇਰੇ ਪਿਆਰੇ ਸਿੰਘ ਨਦੀ ਦੇ ਪਾਣੀ ਵਿਚ ਪ੍ਰਲੋਕ ਸੁਧਾਰ ਗਏ। ਚਮਕੌਰ ਜੰਗ ਵਿਚ ਸਾਹਿਬ ਅਜੀਤ ਸਿੰਘ ਤੇ ਜੁਝਾਰ ਸਿੰਘ ਸਮੇਤ ਕਈ ਲਾਡਲੇ ਆਪਣੀਆਂ ਜਾਨਾ ਵਾਰ ਗਏ। ਪੰਥ ਦੇ ਅਸੂਲਾਂ ਨੂੰ ਮੁਖ ਰਖਦੇ ਹੋਏ ਪੰਜਾਂ ਪਿਆਰਿਆਂ ਦੇ ਹੁਕਮ ਨਾਲ ਚਮਕੌਰ ਚੋਂ ਮੈਨੂੰ ਆਉਣਾ ਪਿਆ ਮਾਛੀਵਾੜੇ ਦੇ ਜੰਗਲਾਂ ਵਿਚ ਰਾਤਾਂ ਗੁਜ਼ਾਰੀਆਂ। ਪਰ ਮੇਰੇ ਜਥੇਦਾਰ ਭਾਈ ਮਹਾਂ ਸਿੰਘਾਂ ਤੁਹਾਡਾ ਲਿਖਿਆ ਹੋਇਆ ਕਾਗਜ਼ ਇਨ੍ਹਾਂ ਮੁਸੀਬਤ ਭਰੇ ਦਿਨਾਂ ਵਿਚ ਭੀ ਮੈਂ ਸਾਂਭ ਕੇ ਰਖਿਆ। ਆਪਣੇ


www.AKJ.Org

ਕਮਰਕਸੇ ਵਿਚੋਂ ਕਾਗਜ਼ ਕਢਦੇ ਹੋਏ ਆਹ ਹੈ ਉਹ ਬੇਦਾਵਾ ਜੋ ਤੁਸੀਂ ਮੈਨੂੰ ਦੇ ਕ ਚਲੇ ਗਏ ਸੀ। ਏਸੇ ਕਰਕੇ ਹੀ ਇਸ ਨੂੰ ਸਾਂਭੀ ਫਿਰਦਾ ਹਾਂ ਕਿ ਮੇਰਾ ਜਥੇਦਾਰ ਜ਼ਰੂਰ ਇਸ ਨੂੰ ਮੰਗੇਗਾ। ਹੁਣ ਤੇਰੇ ਸਾਹਮਣੇ ਇਸ ਕਾਗਜ਼ ਨੂੰ ਪਾੜ ਦੇਨਾ ਹਾਂ ਪਰ ਮਹਾਂ ਸਿੰਘ ਤੂੰ ਮਾਝੇ ਦੀ ਧਰਤੀ ਦਾ ਲਗਾ ਹੋਇਆ ਦਾਗ ਲਾਹ ਦਿਤਾ ਹੈ ਅਤੇ ਟੁਟੀ ਹੋਈ ਸਿਖੀ ਦੁਬਾਰੇ ਗੰਢ ਲਈ ਹੈ। ਕਾਗਜ਼ ਪਾਟਾ ਵੇਖ ਕੇ ਮਹਾਂ ਸਿੰਘ ਉਸ ਕਲਗੀਵਾਲੇ ਦੀ ਗੋਦੀ ਵਿਚ ਸਦਾ ਲਈ ਸੌਂ ਗਿਆ ਅਤੇ ਸਾਰੇ ਸ਼ਹੀਦ ਸਿੰਘਾਂ ਨੂੰ ਜਾ ਫਤੇ ਬੁਲਾਈ ਅਤੇ ਦਰਵਾਜ਼ੇ ਭੀ ਸਾਰੇ ਖੁਲ ਗਏ। "ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲ" ਦੇ ਮਹਾਂਵਾਕ ਅਨੁਸਾਰ ਉਹ ਆਪਣਾ ਜਨਮ ਸਫਲਾ ਕਰ ਗਏ ਅਤੇ ਉਜਲੇ ਮੁਖ ਲੈ ਕੇ ਸਚੀ ਦਰਗਾਹੇ ਪਹੁੰਚ ਗਏ।

ਉਸ ਤੋਂ ਬਾਦ ਚੋਜੀ ਪ੍ਰੀਤਮ ਸਾਰੀ ਰਣ ਭੂਮੀ ਵਿਚ ਫਿਰੇ ਮਾਤਾ ਭਾਗੋ ਜੀ ਜੋ ਬਹੁਤ ਘਾਇਲ ਸਨ, ਉਨਾਂ ਦੀ ਸਾਂਭ ਕੀਤੀ ਅਤੇ ਇਲਾਜ ਸ਼ੁਰੂ ਹੋ ਗਿਆ ਬਾਕੀ ਦੀ ਉਮਰ ਮਾਤਾ ਜੀ ਨੇ ਗੁਰੂ ਜੀ ਦੇ ਲੰਗਰ ਦੀ ਸੇਵਾ ਵਿਚ ਬਤਾਈ।

ਇਹ ਹੈ ਸ੍ਰੀ ਮੁਕਤਸਰ ਦੀ ਪਾਵਨ ਧਰਤੀ ਦਾ ਇਤਹਾਸ, ਪਰ ਅਜ ਦੇ ਅਕਾਲੀ ਲੀਡਰ ਇਸ ਮਾਘੀ ਦੇ ਪੁਰਬ ਤੇ ਉਥੇ ਜਾ ਕੇ ਸਿਵਾਏ ਸਿਆਸੀ ਗਲਾਂ ਦੇ ਕੁਝ ਨਹੀਂ ਕਰਦੇ। ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਇਨ੍ਹਾਂ ਕੁਰਸੀਆਂ ਦੀ ਖਾਤਰ ਅਸੀਂ ਪੰਥ ਦੀਆਂ ਨੀਂਹਾਂ ਖੋਖਲੀਆਂ ਕਰ ਰਹੇ ਹਾਂ। ਹਰ ਇਕ ਘਰ ਵਿਚ ਪਤਿਤ-ਪੁਣੇ ਦਾ ਜ਼ੋਰ ਪੈ ਰਿਹਾ ਹੈ ਜਿਵੇਂ ਕੇਸਾਂ ਦੀ ਖਾਤਰ ਸਾਡੇ ਬਜ਼ੁਰਗਾਂ ਨੇ ਖੋਪਰੀਆਂ ਲੁਹਾ ਦਿੱਤੀਆਂ ਸਨ ਪਰ ਕੇਸ ਕਤਲ ਨਹੀਂ ਸੀ ਹੋਣ ਦਿਤੇ, ਪਰ ਅਜ ਇਕ ਫੈਸ਼ਨ ਹੀ ਬਣ ਗਿਆ ਹੈ। ਅੰਗਰੇਜ਼ ਗੌਰਮਿੰਟ ਜੋ ਆਪਣੇ ਧਰਮ 'ਚ ਪਕਾ ਹੁੰਦਾ ਸੀ ਉਸ ਨੂੰ ਜਲਦੀ ਅਹੁਦਾ ਦਿੰਦੀ ਸੀ ਪਰ ਅੱਜ ਸਾਡਾ ਆਪਣਾ ਰਾਜ ਹੈ ਇਸ ਵਿਚ ਕੇਸ ਚਮੁਟ ਤੇ ਰਹਿਤਵਾਨ ਸਿੰਘ ਦਾ ਦਰਜਾ ਇਕੋ ਹੀ ਹੈ, ਸਗੋਂ ਕੇਸਾਧਾਰੀ ਨੂੰ ਕਈ ਕਿਸਮ ਦੇ ਮਖੌਲ ਕੀਤੇ ਜਾਂਦੇ ਹਨ। ਕਈ ਵਾਰੀ ਮਿਲਟਰੀ ਵਿਚ ਵੇਖਿਆ ਜਾਂਦਾ ਹੈ ਕਿ ਜਿਨ੍ਹਾਂ ਦੇ ਕਮਾਂਡਿੰਗ ਔਫੀਸਰ ਖਾਲਸੇ ਹਨ ਉਹਨਾਂ ਦੇ ਅੰਡਰ ਦੀ ਸਾਰੀ ਸਿਖ ਫ਼ੌਜ ਬਿਲਕੁਲ ਕੇਸਾਂ ਦੀ ਬੇਅਦਬੀ ਨਹੀਂ ਕਰਦੀ। ਕੇਸਾਂ ਦੀ ਬੇਅਦਬੀ ਦੀ ਰੋਕਥਾਮ ਤਾਂ ਹੋ ਸਕਦੀ ਹੈ ਜੇਕਰ ਸ਼ਰੋਮਣੀ ਗੁ: ਪ੍ਰ: ਕਮੇਟੀ ਆਪਣਾ ਫ਼ਰਜ਼ ਸਮਝ ਕੇ ਧਰਮ ਪ੍ਰਚਾਰ ਨੂੰ ਨਿਰਾ ਕਾਗਜ਼ਾਂ ਵਿਚ ਦਿਖਾ, ਸਿਆਸਤ ਦੇ ਰੁਝੇਵੇਂ ਤਿਆਗ ਕੇ ਕੋਈ ਅਮਲੀ ਕਦਮ ਚੁਕੇ। ਖਾਲਸਾ ਸਕੂਲਾਂ, ਕਾਲਜਾਂ ਦ ਪੜੇ ਹੋਏ ਬਚੇ ਤਾਂ ਸਿਖੀ ਵਿਚ ਬਹੁਤ ਪਕੇ ਹੋ ਸਕਦੇ ਹਨ ਜੇ ਸ਼ਰੋਮਣੀ ਕਮੇਟੀ ਕੋਈ ਉਪਰਲਾ ਕਰੇ। ਮੈਂ ਇਸ ਬਾਰੇ ਜ਼ਿਆਦਾ ਕੀ ਲਿਖਾਂ। ਜਨਵਰੀ ਦ 'ਸੂਰਾ' ਵਿਚ ਬੀਬੀ ਹਰਬੰਸ ਕੌਰ ਜੀ ਚੰਡੀਗੜ੍ਹ ਨੇ ਬਹੁਤ ਵਿਸਥਾਰ ਸਹਿਤ ਲਿਖਿਆ ਹੈ:—

ਪਰ ਵੀਰ ਜੀ ਜ ਅਸੀਂ ਕੇਸ ਰਖ ਲਈਏ ਤਾਂ ਗੁਰੂ ਕਲਗੀ ਵਾਲੇ ਦੀਆਂ ਸਾਰੀਆਂ ਖੁਸ਼ੀਆਂ ਹਾਸਲ ਹੋ ਸਕਦੀਆਂ ਹਨ ਉਹਨਾਂ ਨੇ ਸਾਡੇ ਲਈ ਸਰਬੰਸ ਵਾਰ ਦਿਤਾ ਪਰ ਫੇਰ ਭੀ ਏਹੋ ਕਿਹਾ—

'ਇਨ ਪੁਤਰਨ ਕੇ ਕਾਰਨੇ ਵਾਰ ਦੀਏ ਸੁਤ ਚਾਰ।।
ਚਾਰ ਮੂਏ ਤੋ ਕਿਆ ਹੂਆ, ਜੀਵਤ ਕਈ ਹਜ਼ਾਰ।।'

ਸਾਨੂੰ ਦਸਮੇਸ਼ ਪਿਤਾ ਲੇ ਆਪਣੇ ਪੁਤਰ ਬਣਾਇਆ ਹਰ ਕਿਤੋਂ ਭੀ ਏਹੋ ਜਹੇ ਮਿਸਾਲ ਨਹੀਂ ਮਿਲਦੀ। ਪਰ ਆਉ ਅਸੀਂ ਗੁਰੂ ਜੀ ਦੇ ਪੁਤਰਾਂ ਵਾਲੇ ਕੰਮ ਕਰੀਏ ਤੇ ਆਪਣੇ ਧਰਮ ਵਿਚ ਪੱਕੇ ਹੋਈਏ।

ਕਈ ਲੋਕ ਇਹ ਸਵਾਲ ਕਰਦੇ ਹਨ ਕਿ ਏਥੇ ਕਿਹੜੇ ਸਾਰੇ ਸਿਖ ਹੀ ਹਨ। ਅੰਮ੍ਰਿਤ ਛਕਿਆਂ ਹੀ ਜ਼ਿਆਦਾ ਤਾਂ ਨਹੀਂ ਸਿਖ ਬਣਿਆ ਜਾਂਦਾ! ਪਰ ਭੁਲਿਓ ਵੀਰੋ ਗੁਰੂ ਸਾਹਿਬ ਦੇ ਵੇਲੇ ਭੀ ਤਾਂ ਦੁਨੀ ਚੰਦ ਵਰਗੇ ਨਿਰਾ ਪੂਜਾ ਦਾ ਧਾਨ ਖਾਣ ਵਾਲੇ ਹੈਗੇ ਹੀ ਸਨ ਜਿਸ ਨੂੰ ਗੁਰੂ ਜੀ ਨੇ ਹਾਥੀ ਦਾ ਮੁਕਾਬਲਾ ਕਰਨ ਲਈ ਕਿਹਾ, ਪਰ ਉਹ ਡਰਦਾ ਘਰ ਹੀ ਭਜ ਗਿਆ, ਪਰ ਜਾਂਦੇ ਸਪ ਲੜਕੇ ਮਰ ਗਿਆ, ਪਰ ਕੀ ਉਸ ਨੂੰ ਅਗੇ



www.AKJ.Org

ਜਗ੍ਹਾ ਮਿਲ ਗਈ ? ਨਹੀਂ, ਉਹ ਤਾਂ ਚੌਰਾਸੀ ਲੱਖ ਦੇ ਜੀਆ ਜੂਨ ਵਿਚ ਅਜੇ ਤਕ ਭਟਕਦਾ ਫਿਰਦਾ ਹੋਵੇਗਾ। ਪਰ ਅਸੀਂ ਤਾਂ ਆਪਣੇ ਆਪ ਦੇ ਜ਼ੁਮੇਵਾਰ ਹਾਂ ਕਿਸੇ ਵਲ ਵੇਖਕੇ ਅਸੀਂ ਆਪਣਾ ਪ੍ਰਲੋਕ ਨਹੀਂ ਗਵਾਉਣਾ, ਸਾਨੂੰ ਤਾਂ ਆਪਣੇ ਆਪ ਦੀ ਜ਼ੁਮੇਵਾਰੀ ਹੈ। ਸੰਗਤ ਦੇ ਲੜ ਲਗਿਆਂ ਸਾਨੂੰ ਇਹ ਗੁਣ ਹਾਸਲ ਹੁੰਦੇ ਹਨ ਕਿਉਂਕਿ ਜਿਸਤਰ੍ਹਾਂ ਸਕੂਲ ਤੋਂ ਸਾਨੂੰ ਲਿਖਣ ਪੜ੍ਹਨ ਦੀ ਜਾਚ ਆਉਂਦੀ ਹੈ, ਏਸੇ ਤਰ੍ਹਾਂ ਸੰਗਤ (ਸਕੂਲ) ਵਿਚੋਂ ਨਾਮ ਜਪਣ ਦੀ ਸਿਖਲਾਈ ਪ੍ਰਾਪਤ ਹੁੰਦੀ ਹੈ, ਪਰ ਕੁਸੰਗਤ ਵਿਚ ਬੈਠਿਆਂ ਸਾਨੂੰ ਭੈੜੀਆਂ ਆਦਤਾਂ ਚੁਗਲੀ, ਨਿੰਦਾ, ਈਰਖਾ ਤੇ ਪੰਜੇ ਚੋਰ ਕਾਮ, ਕਰੋਧ, ਲਭ, ਮੋਹ ਹੰਕਾਰ ਪ੍ਰਾਪਤ ਹੁੰਦੇ ਹਨ। ਇਸ ਕਰਕੇ ਇਹਨਾਂ ਗਲਾਂ ਦੇ ਮਗਰ ਲਗ ਕੇ ਅਮੋਲਕ ਮਾਨਸ ਜਨਮ ਬ੍ਰਿਥਾ ਨਾ ਗਵਾਈਏ ਤੇ ਕੁਝ ਨਾ ਕੁਝ ਆਪਣੇ ਧਰਮ ਵਿਚ ਪਕੇ ਹੋਣ ਦੀ ਕੋਸ਼ਿਸ਼ ਕਰੀਏ, ਤਾਂ ਹੀ ਅਸੀਂ ਸਰਦਾਰ ਕਹਿਲਾਉਣ ਦਾ ਹੱਕ ਰਖ ਸਕਦੇ ਹਾਂ। ਪਰ ਦਾੜ੍ਹੀ ਕਟੇ, ਸਿਰ-ਮੂੰਹ ਮੁੰਨੀ ਫਿਰਨ ਵਾਲੇ ਸਰਦਾਰ ਕਹਿਲਾਉਣ ਦੇ ਹੱਕ ਨਹੀਂ ਰਖਦੇ ਕਿਉਂ ਉਹ ਕੁਝ ਭੀ ਨਹੀਂ ਹਨ; ਨਾਂ ਹਿੰਦੂ ਨਾ ਈਸਾਈ, ਨਾ ਮੁਸਲਮਾਨ, ਪਤਾ ਨਹੀਂ ਉਨ੍ਹਾਂ ਨੂੰ ਕੀ ਦਿਸ ਰਿਹਾ ਹੈ। ਏਹੋ ਜਹੇ ਲੋਕਾਂ ਨੂੰ ਸ਼ਰਮ ਨਾਲ ਡੁਬ ਕੇ ਮਰ ਜਾਣਾ ਚਾਹੀਦਾ ਹੈ। ਜੋ ਸਰਦਾਰ ਭੀ ਸਦਾਉਂਦੇ ਤੇ ਕੇਸਾਂ ਦੀ ਬੇਅਦਬੀ ਭੀ ਕਰਾਉਂਦੇ ਹਨ, ਪਰ ਕਲਗੀਵਾਲੇ ਪਾਤਸ਼ਾਹ ਆਪੇ ਹੀ ਏਹੋ ਜਹੇ ਲੋਕਾਂ ਦਾ ਬੇੜਾ ਗਰਕ ਕਰਨਗੇ। ਹਾਂ! ਜਾਂ ਉਹ ਆਪਣੇ ਆਪ ਨੂੰ ਸਰਦਾਰ ਅਖਵਾਉਣੋਂ ਹਟ ਜਾਣ।

ਆਸ ਹੈ ਕਿ ਮੇਰੀ ਇਹ ਬੇਨਤੀ ਕਈ ਦਾੜ੍ਹੀ-ਕੱਟੇ ਵੀਰ ਸੁਣ ਕੇ ਘਟੋ ਘਟ ਕੇਸਾਂ ਦੀ ਬੇਅਦਬੀ ਨਹੀਂ ਕਰਨਗੇ ਅਤੇ ਆਪਣੀ ਸਿਖੀ ਵਾਲੀ ਨਿਸ਼ਾਨੀ ਪੂਰੀ ਰੱਖ ਕੇ ਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨਗੇ, ਅਤੇ ਹੌਲੀ ਹੌਲੀ ਤਿਆਰੀ ਕਰਕੇ ਗੁਰੂ ਦਾ ਬਖਸ਼ਿਆ ਹੋਇਆ ਅੰਮ੍ਰਿਤ ਛਕ ਇਸ ਗ੍ਰਸਿਤ ਵਿਚ ਰਹਿੰਦਿਆਂ ਹੋਇਆਂ ਆਪਣੇ ਪੰਥ ਦੇ ਬਾਨੀ ਦੇ ਅਸੂਲਾਂ ਤੇ ਚਲਣਗੇ ਕਿਉਂਕਿ ਗੁਰੂ ਜੀ ਨੇ ਸਿਖਾਂ ਪ੍ਰਥਾਇ ਲਿਖਿਆ ਹੈ—'ਬਿਨਾਂ ਕੇਸੰ ਤੇਗੰ ਨਰੰ ਭੇਡ ਜਾਨੋ ॥' ਪਰ ਜੇ ਹੁਕਮ ਦੀ ਪਾਲਨਾ ਕੀਤੀ ਜਾਵੇ ਤਾਂ ਫੁਰਮਾਨ ਹੈ :—

ਜੇ ਤੂੰ ਮੇਰਾ ਹੋਇ ਰਹੁ ਸਭ ਜਗ ਤੇਰਾ ਹੋਇ ॥

ਉਠੋ ਖਾਲਸਾ ਜੀ ਹੰਭਲਾ ਮਾਰੋ ਤੇ ਆਪਣੇ ਬਚਿਆਂ ਨੂੰ ਹਰ ਤ੍ਰੀਕੇ ਨਾਲ ਇਸ ਭੈੜੀ ਬੀਮਾਰੀ ਤੋਂ ਰੋਕੋ, ਅਤੇ ਸਾਰੇ ਗੁਰੂ ਕਲਗੀਵਾਲੇ ਦਾ ਕੋਟਾਨ ਕੋਟ ਸ਼ੁਕਰ ਕਰੋ ਜਿਨ੍ਹਾਂ ਸਾਨੂੰ ਬੜਾ ਸੌਖਾ ਰਸਤਾ ਲੋਕ-ਪ੍ਰਲੋਕ ਸਵਾਰਨ ਦਾ ਦਸਿਆ ਹੈ।

—o—

## ਪਾਠਕਾਂ ਪ੍ਰਤੀ ਜ਼ਰੂਰੀ ਸੂਚਨਾ

ਪਾਠਕਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਇਹ ਪਰਚਾ ਕੇਵਲ ਗੁਰਮਤਿ ਪ੍ਰਚਾਰ ਦੇ ਆਸ਼ੇ ਨੂੰ ਮੁਖ ਰਖ ਕੇ ਚਲਾਇਆ ਗਿਆ ਹੈ, ਇਸ ਪਰਚੇ ਦਾ ਮੁਖ ਨਿਸ਼ਾਨਾ ਤੱਤ-ਗੁਰਮਤਿ ਦਾ ਪ੍ਰਚਾਰ ਕਰਨਾ ਹੈ, ਇਸ ਲਈ ਇਸ ਵਿਚੋਂ ਕਿਸੇ ਨੂੰ ਕੋਈ ਜ਼ਾਤੀ ਲਾਭ ਨਹੀਂ ਹੈ, ਇਸਦਾ ਸਾਲਾਨਾ ਚੰਦਾ ਕੇਵਲ ਲਾਗਤ ਮਾਤਰ ਤੇ ਸਾਰੇ ਪੰਜਾਬੀ ਪਰਚਿਆਂ ਨਾਲੋਂ ਘਟ ਰਖਿਆ ਗਿਆ ਸੀ, ਹੁਣ ਅਤਿ ਦੀ ਮਹਿੰਗਾਈ ਹੋਣ ਕਾਰਨ ਤੇ ਡਾਕ ਖ਼ਰਚ ਵਧ ਜਾਣ ਕਰਕੇ ਮਜਬੂਰਨ ਅਪਰੈਲ 1969 ਤੋਂ 'ਸੂਰਾ' ਦਾ ਸਾਲਾਨਾ ਚੰਦਾ ਵਧਾ ਕੇ 7 ਰੁਪੈ ਕਰ ਰਹੇ ਹਾਂ, ਸਾਨੂੰ ਪੂਰਨ ਆਸ ਹੈ ਕਿ ਦੇਸ, ਪ੍ਰਦੇਸ ਵਿਚ ਬੈਠੇ ਵੀਰ ਸਾਨੂੰ ਇਸ ਮਜਬੂਰੀ ਕਾਰਨ ਖਿਮਾਂ ਕਰਨਗੇ, ਅਤੇ ਇਸ ਪਰਚੇ ਦੇ ਵਧ ਤੋਂ ਵਧ ਗਾਹਕ ਬਣਾ ਕੇ ਗੁਰਮਤਿ ਪ੍ਰਚਾਰ ਵਿਚ ਸਹਾਈ ਹੋਣਗੇ।

(ਸੰਪਾਦਕ)



www.AKJ.Org

# ਸਿਖ ਧਰਮ ਦੇ ਮੁਖ ਨਿਯਮ

੧. ਧਰਮ ਦੀ ਕਿਰਤ ਕਰੋ।
੨. ਵੰਡ ਕੇ ਛਕੋ। ੩. ਨਾਮ ਜਪੋ।
੪. ਸਾਬਤ ਸੂਰਤ ਰਹੋ।
੫. ਸਿਗਰਟ ਤੰਬਾਕੂ ਤੇ ਹੋਰ ਨਸ਼ੇ ਨਾ ਵਰਤੋ।
੬. ਕੁੱਠਾ (ਮਾਸ) ਨਾ ਖਾਓ।
੭. ਪਰਾਈ ਇਸਤਰੀ ਨੂੰ ਮਾਂ, ਭੈਣ ਸਮਝੋ।
੮. ਖੰਡੇ ਦੀ ਪਾਹੁਲ ਛਕੋ।
੯. ਅੰਮ੍ਰਿਤਵੇਲੇ ਇਸ਼ਨਾਨ ਕਰਕੇ ਪੰਜ ਬਾਣੀਆਂ ਜਪੁਜੀ, ਜਾਪੁ, ਸਵੱਯੇ, ਚੌਪਈ ਤੇ ਅਨੰਦ ਸਾਹਿਬ ਦਾ ਪਾਠ ਨਿਤਨੇਮ ਕਰੋ।
੧੦. ਪੰਜ ਕਕਾਰੀ ਰਹਿਤ ਧਾਰਨ ਕਰੋ।
ਕੱਛ, ਕੜਾ, ਕਿਰਪਾਨ, ਕੰਘਾ, ਕੇਸਕੀ।
ਪੰਜ ਕਕਾਰੀ ਰਹਿਤ ਧਾਰੇ ਸਿੰਘ ਸੋਈ।

www.AKJ.Org